
ਗੌਰਵਸ਼ਾਲੀ ਸੰਖੇਪ ਇਤਿਹਾਸ

(ਸਾਕਾ ਸਰਹਿੰਦ)

# ਛੋਟੇ ਸਾਹਿਬਜ਼ਾਦੇ

## ਬਾਬਾ ਜ਼ੋਰਾਵਾਰ ਸਿੰਘ ਜੀ ਬਾਬਾ ਫਤਿਹ ਸਿੰਘ ਜੀ



ਵਾਹਿਗੁਰੂ ਜੀ ਨੇ ਦਇਆ ਕਰ ਕੇ ਆਪਣੇ ਸੇਵਕ ਸ੍ਰ. ਹਰਜੀਵ ਸਿੰਘ ਤੇ
ਮਾਨੀਕਾ ਕੌਰ ਕੰਧਾਰੀ (ਇੰਗਲੈਂਡ) ਪਾਸੋ ਇਸ ਨੂੰ ਭੇਟਾ ਰਹਿਤ ਵੰਡਣ ਦੀ ਸੇਵਾ ਕਰਵਾਈ

**ਵਿਸ਼ਵ ਦੇ ਸਰਮਾਏ ਨੌਜਵਾਨਾਂ ਦੀ ਸੰਭਾਲ ਜੇਕਰ ਨਾ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਸਹੀ ਦਿਸ਼ਾ ਵੱਲ ਨਾ ਲੈਕੇ ਜਾਇਆ ਜਾਵੇ ਤਾਂ ਸਮਾਜ ਕੁਰੀਤੀਆਂ (ਨਸ਼ਾ, ਭ੍ਰਿਸ਼ਟਾਚਾਰ, ਅਗਿਆਨਤਾ ਆਦਿ) 'ਚ ਫੱਸਦਾ ਜਾਵੇਗਾ।**

**ਆਓ ਸਮਝੀਏ** ਅਤੇ ਚੰਗੇ ਸਮਾਜ ਦੀ ਸਿਰਜਣਾ ਕਰਨ ਲਈ ਆਪੋ-ਆਪਣਾ ਯੋਗਦਾਨ ਪਾਈਏ।

ਨੌਜਵਾਨ ਸਮਾਜ ਦਾ ਸਰਮਾਇਆ ਹੁੰਦੇ ਹਨ, ਸਾਨੂੰ ਲੋੜ ਹੈ ਇਸ ਸਰਮਾਏ ਨੂੰ ਸੰਭਾਲਣ ਦੀ ਅਤੇ ਸਹੀ ਦਿਸ਼ਾ ਦੇਣ ਦੀ। ਸਹੀ ਦਿਸ਼ਾ ਹੀ ਸਮਾਜ ਦੀ ਸੋਚ ਬਦਲੇਗੀ ਅਤੇ ਚੰਗੇ ਸਮਾਜ ਦੀ ਸਿਰਜਣਾ ਕਰੇਗੀ।

ਜੇਕਰ ਅਸੀਂ ਆਪਣਾ ਜੀਵਨ ਖੁਸ਼ੀਆਂ ਨਾਲ ਭਰਪੂਰ ਕਰਨਾ ਚਾਹੁੰਦੇ ਹਾਂ ਤਾਂ ਅਸੀਂ ਆਪ ਅਤੇ ਆਪਣੇ ਬੱਚਿਆਂ ਨੂੰ ਸੰਸਾਰੀ ਵਿੱਦਿਆ ਦੇਣ ਦੇ ਨਾਲ-ਨਾਲ ਨੈਤਿਕ ਅਤੇ ਅਧਿਆਤਮਕ ਵਿਦਿਆ ਦੇਈਏ ਅਤੇ ਉੱਚੇ ਜੀਵਨ ਵਾਲੇ ਅਧਿਆਪਕ, ਆਈ.ਏ.ਐਸ., ਆਈ.ਪੀ.ਐਸ., ਜੱਜ, ਵਕੀਲ, ਡਾਕਟਰ ਆਦਿ ਬਣਾਈਏ। ਜਦੋਂ ਕਿਸੇ ਅਹੁਦੇ 'ਤੇ ਉੱਚੀ ਸੋਚ ਵਾਲਾ ਮਨੁੱਖ ਬੈਠਾ ਹੋਵੇਗਾ ਤਾਂ ਉਹ ਆਪਣੇ ਚੰਗੇ ਵਿਵਹਾਰ ਕਾਰਨ ਚੰਗੇ ਸਮਾਜ ਦੀ ਸਿਰਜਣਾ ਕਰ ਸਕੇਗਾ ਅਤੇ ਚੰਗੇ ਸਮਾਜ ਲਈ ਉੱਚ ਸ਼ਖ਼ਸੀਅਤ ਵਾਲੇ ਰੋਲ ਮਾਡਲ ਵਜੋਂ ਉਭਰ ਕੇ ਸਾਹਮਣੇ ਆਵੇਗਾ।

ਸਭਨਾਂ ਨੂੰ ਬਿਬੇਕ-ਬੁੱਧ ਦੇਣ ਵਾਲੇ ਪ੍ਰਮਾਤਮਾ ਦੀ ਕਿਰਪਾ ਸਦਕਾ ਅਨੇਕ ਹੀ ਵਿਦਿਆਰਥੀ ਦੁਨਿਆਵੀ ਵਿਦਿਆ ਦੇ ਨਾਲ-ਨਾਲ ਰੱਬੀ ਬਾਣੀ ਨੂੰ ਲਿਖ-ਪੜ੍ਹ ਕੇ ਅਤੇ ਉਨ੍ਹਾਂ ਉਪਦੇਸ਼ਾਂ ਨੂੰ ਧਾਰਨ ਕਰ ਕੇ ਆਪਣਾ ਅਤੇ ਹੋਰਨਾਂ ਦਾ ਜੀਵਨ ਉੱਚਾ-ਸੁੱਚਾ ਬਣਾ ਰਹੇ ਹਨ।

ਆਓ ਪਿਆਰਿਓ ! ਅਸੀਂ ਵੀ ਰਲ ਕੇ ਇਹੀ ਉਪਰਾਲਾ ਕਰੀਏ ਅਤੇ ਗੁਰੂਆਂ, ਭਗਤਾਂ ਅਤੇ ਗੁਰਸਿੱਖਾਂ ਦੀ ਸੱਚ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਲੈਂਦਿਆਂ ਹੋਇਆਂ ਹੋਰਨਾਂ ਨੂੰ ਵੀ ਇਸ ਬਾਬਤ ਦੱਸੀਏ। ਆਪਣੇ ਜੀਵਨ ਦੇ ਤੱਤ ਨੂੰ ਪਹਿਚਾਨੀਏ, ਕਮਾਈਏ ਅਤੇ ਆਪਣੇ ਅੰਦਰ ਵੱਧ ਤੋਂ ਵੱਧ ਚੰਗੇ ਗੁਣ ਭਰ ਲਈਏ। ਸੱਚੇ-ਸੁੱਚੇ ਰੋਲ ਮਾਡਲ ਬਣ ਕੇ ਸਮਾਜ ਵਿਚ ਚੜ੍ਹਦੀ ਕਲਾ ਨਾਲ ਵਿਚਰੀਏ ਅਤੇ ਸਮਾਜ ਨੂੰ ਸਹੀ ਦਿਸ਼ਾ ਵੱਲ ਲੈ ਚਲੀਏ ਤਾਂ ਫਿਰ ਜੀਵਨ ਅਤੇ ਸਮਾਜ ਵਿਚ ਆਨੰਦ ਹੀ ਆਨੰਦ ਬਣ ਆਵੇਗਾ ਅਤੇ ਵਾਹਿਗੁਰੂ ਜੀ ਦੀ ਦਰਗਾਹ ਵਿਚ ਪ੍ਰਵਾਨ ਹੋਵਾਂਗੇ।

**ਨੋਟ**

ਇਹ ਲਿਟਰੇਚਰ ਬਿਲਕੁਲ ਭੇਟਾ ਰਹਿਤ ਹੈ। ਇਸ ਦੀ ਪਹੁੰਚ ਆਦਿ ਵੀ ਭੇਟਾ ਰਹਿਤ ਹੈ। ਅਸੀਂ ਕਿਸੇ ਵੀ ਕਿਸਮ ਦੀ ਕੋਈ ਵੀ ਭੇਟਾ ਕਿਸੇ ਵੀ ਰੂਪ ਵਿੱਚ ਨਹੀਂ ਲੈਂਦੇ। ਜੇਕਰ ਫਿਰ ਵੀ ਆਪ ਜੀ ਕੋਲੋਂ ਕੋਈ ਵੀਰ/ਭੈਣ ਇਸ ਲਿਟਰੇਚਰ ਨੂੰ ਦੇਣ ਤੋਂ ਬਾਅਦ ਕਿਸੇ ਵੀ ਤਰ੍ਹਾਂ ਦੀ ਭੇਟਾ ਲੈਂਦਾ ਹੈ ਜਾਂ ਕਿਸੇ ਕਿਸਮ ਦੀ ਸਹਾਇਤਾ ਦੀ ਮੰਗ ਕਰਦਾ ਹੈ ਤਾਂ ਆਪ ਜੀ ਇਹਨਾਂ ਨੰਬਰਾਂ 'ਤੇ ਸੂਚਨਾ ਜ਼ਰੂਰ ਦਿਓ ਜੀ।

**ਰਾਜਪਾਲ ਸਿੰਘ**
98147-92013
singhrajpal.asr@gmail.com

**ਸਤਨਾਮ ਸਿੰਘ ਸਲ੍ਹੋਪੁਰੀ**
79733-29833
ssatnams1960@yahoo.com

ਆਪ ਜੀ ਦੇ ਵਿਚਾਰਾਂ ਦੀ ਉਡੀਕ ਵਿੱਚ

© ਸ੍ਰੀ ਸਹਿਜ ਪਾਠ ਸੇਵਾ

ਲੇਖਕ : ਭਾਈ ਦਿਲਬਾਗ ਸਿੰਘ

ਕੋਈ ਵੀ ਸੱਜਣ ਜਾਂ ਸੰਸਥਾ ਪ੍ਰਚਾਰ ਹਿੱਤ ਬਿਨਾਂ ਆਰਥਿਕ ਲਾਭ ਦੀ ਲਾਲਸਾ ਤੋਂ ਇਸਨੂੰ ਬਿਨਾ ਕੁਝ ਤਬਦੀਲੀ ਕੀਤਿਆ ਸਾਡੇ ਪਾਸੋਂ ਆਗਿਆ ਲੈ ਕੇ ਛਾਪ ਕੇ ਵੰਡ ਸਕਦੇ ਹਨ।



ਚੜ੍ਹਦੇ ਦਸੰਬਰ ਦੇ ਮਹੀਨੇ ਮਾਤਾ ਸੁਰਜੀਤ ਕੌਰ ਜੀ ਆਪਣੇ ਛੋਟੇ ਪੁੱਤਰ ਕੋਲ ਜਲੰਧਰ ਆਪਣੇ ਪੋਤਿਆਂ ਨੂੰ ਮਿਲਣ ਆਈ ਹੈ। ਉਹ ਆਪਣੇ ਪੋਤਿਆਂ ਨੂੰ ਅੰਤਾਂ ਦਾ ਪਿਆਰ ਕਰਦੀ ਹੈ। ਉਸ ਨੇ ਆਪਣੇ ਪੋਤਿਆਂ ਦਾ ਨਾਮ ਤਜਿੰਦਰ ਸਿੰਘ ਅਤੇ ਹਰਕੀਰਤਨ ਸਿੰਘ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਏ ਮੁੱਖਵਾਕ ਦੇ ਪਹਿਲੇ ਅੱਖਰ ਤੋਂ ਰੱਖਿਆ ਸੀ। ਰੱਬੀ ਨਾਮ ਰੰਗ ਵਿਚ ਰੰਗੀ ਰੂਹ ਮਾਤਾ ਸੁਰਜੀਤ ਕੌਰ, ਨਿਤਨੇਮ ਅਤੇ ਗੁਰਬਾਣੀ ਦਾ ਨਿਰੰਤਰ ਸਹਿਜ ਪਾਠ ਕਰਦੀ ਰਹਿੰਦੀ ਹੈ। ਪੋਤੇ ਵੀ ਦਾਦੀ ਨੂੰ ਮਿਲਕੇ ਬਹੁਤ ਖੁਸ਼ ਹੋਏ। ਪੋਤੇ ਰਾਤ ਨੂੰ ਦਾਦੀ ਜੀ ਨਾਲ ਹੀ ਸੌਂਦੇ ਹਨ। ਦਾਦੀ ਜੀ ਨੂੰ ਇਸ ਗੱਲ ਦਾ ਬਹੁਤ ਦੁੱਖ ਸੀ ਕਿ ਉਸ ਦੇ ਵੱਡੇ ਪੋਤਰੇ ਦੇ ਸਿਰ 'ਤੇ ਕੇਸ ਨਹੀਂ ਹਨ। ਉਹ ਅਕਾਲ ਪੁਰਖ ਜੀ ਦੇ ਚਰਨਾਂ ਵਿਚ ਦੋ ਵਕਤ ਅਰਦਾਸ ਕਰਦੀ ਰਹਿੰਦੀ ਸੀ ਕਿ "ਦਾਤਾ ਮੇਰੇ ਘਰ ਸਿੱਖੀ ਦਾ ਬੂਟਾ ਸਦਾ ਹਰਿਆ ਰਹੇ।" 19 ਦਸੰਬਰ ਦੀ ਸ਼ਾਮ ਹੋਈ; ਪੋਤਿਆਂ ਨੇ ਦਾਦੀ ਜੀ ਦਾ ਬਿਸਤਰਾ ਫਰਸ਼ ਉੱਤੇ ਲਗਿਆ ਵੇਖ ਕੇ ਪੁੱਛਿਆ, "ਦਾਦੀ ਜੀ, ਕੀ ਗੱਲ ਤੁਸੀਂ ਅੱਜ ਬਿਸਤਰਾ ਫਰਸ਼ 'ਤੇ ਵਿਛਾ ਲਿਆ ?" ਦਾਦੀ ਨੇ ਲੰਬਾ ਸਾਹ ਲੈ ਕੇ ਹੱਥ ਜੋੜ ਕੇ ਕਿਹਾ, "ਧੰਨ ਦਸਮੇਸ਼ ਪਿਤਾ, ਧੰਨ ਦਸਮੇਸ਼ ਪਿਤਾ," ਅਤੇ ਪੋਤਿਆਂ ਨੂੰ ਗੋਦੀ 'ਚ ਬਿਠਾ ਕੰਬਲ ਦੀ ਬੁੱਕਲ ਮਾਰ, ਮਮਤਾ ਦਾ ਨਿੱਘ

ਦਿੰਦਿਆਂ ਕਿਹਾ, "ਪੁੱਤਰੋ ! ਇਹ ਉਸ ਰਾਤ ਦੀ ਸ਼ੁਰੂਆਤ ਹੈ, ਜਿਸ ਰਾਤ ਦਸਮੇਸ਼ ਪਿਤਾ ਜੀ ਨੇ ਅਨੰਦਾਂ ਦੀ ਪੁਰੀ-ਅਨੰਦਪੁਰ ਸਾਹਿਬ ਨੂੰ ਛੱਡਿਆ ਸੀ ਅਤੇ ਸਾਰਾ ਪਰਿਵਾਰ ਕੁਝ ਦਿਨਾਂ ਵਿਚ ਹੀ ਸ਼ਹੀਦ ਹੋ ਗਿਆ ਸੀ।"

**ਤਜਿੰਦਰ ਸਿੰਘ**—ਦਾਦੀ ਜੀ, ਦਸਮੇਸ਼ ਪਿਤਾ ਜੀ ਨੇ ਅਨੰਦਪੁਰ ਸਾਹਿਬ ਕਿਉਂ ਛੱਡਿਆ ਸੀ? ਅਤੇ ਉਹਨਾਂ ਦਾ ਸਾਰਾ ਪਰਿਵਾਰ ਸ਼ਹੀਦ ਕਿਵੇਂ ਹੋ ਗਿਆ?

**ਦਾਦੀ** –ਪੁੱਤਰੋ ! ਇਹ ਬੜਾ ਲੰਬਾ ਅਤੇ ਕੁਰਬਾਨੀਆਂ ਭਰਿਆ ਇਤਿਹਾਸ ਹੈ।

**ਹਰਕੀਰਤਨ ਸਿੰਘ ਅਤੇ ਤਜਿੰਦਰ ਸਿੰਘ ਦੋਹਾਂ ਨੇ ਕਿਹਾ**–ਦਾਦੀ ਜੀ, ਮੈਂ ਮੰਮੀ-ਡੈਡੀ ਜੀ ਨੂੰ ਵੀ ਲੈ ਕੇ ਆਉਂਦਾ ਹਾਂ, ਸਾਨੂੰ ਸਾਰਿਆਂ ਨੂੰ ਇਹ ਸਾਰਾ ਇਤਿਹਾਸ ਸੁਣਾਓ ਕਿ ਅਨੰਦਪੁਰ ਸਾਹਿਬ ਕੀ ਹੋਇਆ ਸੀ?

**ਦਾਦੀ** (ਬੱਚਿਆਂ ਦੇ ਸਿਰ 'ਤੇ ਹੱਥ ਫੇਰਦੀ ਹੋਈ)—ਬੇਟਾ ਜੀ, ਇਹ ਬਹੁਤ ਲੰਬਾ ਇਤਿਹਾਸ ਹੈ ਪਰ ਮੈਂ ਤੁਹਾਨੂੰ ਕੁਝ-ਕੁਝ ਹੁਣੇ ਸੁਣਾ ਸਕਦੀ ਹਾਂ।

(ਦੋਨੋਂ ਪੋਤਰੇ ਇਕੋ ਸੁਰ ਵਿਚ) ਜ਼ਰੂਰ ਸੁਣਾਓ ਦਾਦੀ ਜੀ।

**ਦਾਦੀ** —ਪਿਆਰੇ ਬੱਚਿਓ! ਅਨੰਦਪੁਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਿਲਾਸਪੁਰ ਦੀ ਰਾਣੀ ਚੰਪਾ ਪਾਸੋਂ ਜ਼ਮੀਨ ਮੁੱਲ ਖਰੀਦ ਕੇ, ਸਤਿਲੁਜ ਦਰਿਆ ਦੇ ਕਿਨਾਰੇ ਵਸਾਇਆ ਸੀ। ਸਮਾਂ ਪਾ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਨੁੱਖੀ ਹੱਕਾਂ ਦੀ ਰਾਖੀ ਕਰਦਿਆਂ ਹਕੂਮਤੀ ਜ਼ੁਲਮ ਦੇ ਖ਼ਿਲਾਫ ਦਿੱਲੀ ਵਿਖੇ ਸ਼ਹੀਦ ਹੋ ਗਏ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਗੱਦੀ 'ਤੇ ਬੈਠੇ, ਸਮੇਂ ਦੇ ਹਾਲਾਤ ਨੂੰ ਦੇਖਦਿਆਂ ਹੋਇਆਂ ਅਨੰਦਪੁਰ ਸਾਹਿਬ ਵਿਖੇ ਪੰਜ ਕਿਲ੍ਹੇ ਤਿਆਰ ਕਰਵਾਏ –

1. **ਕਿਲ੍ਹਾ ਅਨੰਦਗੜ੍ਹ**
2. **ਕਿਲ੍ਹਾ ਲੋਹਗੜ੍ਹ**
3. **ਕਿਲ੍ਹਾ ਫ਼ਤਿਹਗੜ੍ਹ**
4. **ਕਿਲ੍ਹਾ ਹੋਲਗੜ੍ਹ**
5. **ਕਿਲ੍ਹਾ ਤਾਰਾਗੜ੍ਹ**





ਇਸੇ ਅਨੰਦਪੁਰ ਸਾਹਿਬ ਦੀ ਧਰਤੀ ਉਤੇ 1699 ਦੀ ਵਿਸਾਖੀ ਵਾਲੇ ਦਿਨ ਗੁਰੂ ਸਾਹਿਬ ਜੀ ਦੀ ਮੰਗ ਉਤੇ ਪੰਜ ਸਿੱਖਾਂ ਨੇ ਵਾਰੋ-ਵਾਰੀ ਆਪਣੇ ਸਿਰ ਦਿੱਤੇ ਅਤੇ ਗੁਰੂ ਸਾਹਿਬ ਜੀ ਨੇ ਉਹਨਾਂ ਨੂੰ ਦਇਆ ਰਾਮ ਤੋਂ ਭਾਈ ਦਇਆ ਸਿੰਘ, ਧਰਮ ਚੰਦ ਤੋਂ ਭਾਈ ਧਰਮ ਸਿੰਘ, ਹਿੰਮਤ ਰਾਏ ਤੋਂ ਭਾਈ ਹਿੰਮਤ ਸਿੰਘ, ਮੋਹਕਮ ਚੰਦ ਤੋਂ ਭਾਈ ਮੋਹਕਮ ਸਿੰਘ ਅਤੇ ਸਾਹਿਬ ਰਾਮ ਤੋਂ ਭਾਈ ਸਾਹਿਬ ਸਿੰਘ ਬਣਾ ਕੇ ਖਾਲਸਾ ਪੰਥ ਸਾਜਿਆ।

ਹੋਲੀ ਤੋਂ ਹੋਲਾ-ਮਹੱਲਾ ਖੇਡਣ ਦੀ ਪਰੰਪਰਾ ਚਲਾਈ। ਦਸਮੇਸ਼ ਪਿਤਾ ਜੀ ਸਾਰੀ ਮਨੁੱਖਤਾ ਲਈ ਅਮਨ ਸ਼ਾਂਤੀ ਚਾਹੁੰਦੇ ਸਨ, ਦੁਨੀਆਂ ਦਾ ਹਰ ਇੱਕ ਮਨੁੱਖ ਜਾਤ-ਪਾਤ, ਰੰਗ-ਨਸਲ ਦੇ ਭੇਦ-ਭਾਵ ਤੋਂ ਉੱਚਾ ਉੱਠ ਕੇ ਇਕ ਅਕਾਲ ਪੁਰਖ ਦੀ ਭਗਤੀ ਕਰੇ, ਸਰਬੱਤ ਦੇ ਭਲੇ ਦੇ ਕਾਰਜ ਕਰੇ। ਦੂਜੇ ਪਾਸੇ ਸਮਕਾਲੀ ਮੁਗਲ ਸ਼ਾਸਕ ਔਰੰਗਜ਼ੇਬ ਅਤੇ ਕੁਝ ਹਿੰਦੂ ਪਹਾੜੀ ਰਾਜੇ ਆਮ ਜਨਤਾ ਉਪਰ ਜ਼ੁਲਮ ਕਰਦੇ ਸਨ ਅਤੇ ਦਸਮੇਸ਼ ਪਿਤਾ ਜੀ ਜ਼ੁਲਮ ਦੇ ਖਿਲਾਫ਼ ਲੋਕਾਈ ਨੂੰ ਸੰਘਰਸ਼ ਲਈ ਕਹਿੰਦੇ ਸਨ। ਇਸੇ ਲਈ ਪਹਾੜੀ ਰਾਜੇ ਅਤੇ ਮੁਗਲ ਹਕੂਮਤ ਨੇ ਅਨੇਕ ਵਾਰ ਅਨੰਦਪੁਰ ਸਾਹਿਬ ਉਤੇ ਹਮਲੇ ਕੀਤੇ। ਇਹ ਓਹੀ ਪਹਾੜੀ ਰਾਜੇ ਨੇ ਜਿਨ੍ਹਾਂ ਦੇ ਵੱਡੇ-ਵਡੇਰਿਆਂ ਨੂੰ ਛੇਵੇਂ ਪਾਤਸ਼ਾਹ ਜੀ ਨੇ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਅ ਕਰਵਾਇਆ ਸੀ। ਜ਼ੁਲਮੀ ਲੋਕ ਕਦੇ ਵੀ ਸੱਚ ਨੂੰ ਬਰਦਾਸ਼ਤ ਨਹੀਂ ਕਰਦੇ। ਇਹ ਲੋਕ ਸੱਚ ਦੀ ਅਵਾਜ਼ ਨੂੰ ਖ਼ਤਮ ਕਰਨ ਲਈ ਹਰ ਤਰ੍ਹਾਂ ਦਾ ਜ਼ੁਲਮ ਕਰਨ ਲਈ ਤਿਆਰ ਰਹਿੰਦੇ ਹਨ। ਗੁਰੂ ਘਰ ਦੇ ਪਰਉਪਕਾਰ ਵਿਸਾਰ ਕੇ ਬਾਈ ਧਾਰ ਦੇ ਰਾਜਿਆਂ ਨੇ ਔਰੰਗਜ਼ੇਬ ਕੋਲ ਜਾ ਕੇ ਫ਼ਰਿਆਦ ਕੀਤੀ ਕਿ



ਅਨੰਦਪੁਰ ਸਾਹਿਬ 'ਤੇ ਹਮਲਾ ਕਰੋ ਅਤੇ ਗੁਰੂ ਨਾਨਕ ਸਾਹਿਬ ਜੀ ਵੱਲੋਂ ਚਲਾਏ ਧਰਮ ਨੂੰ ਖ਼ਤਮ ਕਰ ਦਿਓ। ਮਾੜੀ ਨੀਅਤ ਨਾਲ ਮੁਗਲ ਫੌਜ ਅਤੇ ਬਾਈ ਧਾਰ ਦੇ ਰਾਜਿਆਂ ਨੇ ਸੂਬਾ ਵਜ਼ੀਰ ਖਾਨ ਦੀ ਅਗਵਾਈ ਵਿਚ ਸੰਨ 1704 ਈ. ਮਈ ਦੇ ਅੱਧ ਵਿਚ, ਲੱਖਾਂ ਦੀ ਗਿਣਤੀ ਵਿਚ ਫੌਜਾਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਕੇ ਅਨੰਦਪੁਰ ਸਾਹਿਬ 'ਤੇ ਹਮਲਾ ਕਰ ਦਿੱਤਾ। ਗੁਰੂ ਕੇ ਸਿੰਘਾਂ ਨੇ ਦਸਮੇਸ਼ ਪਿਤਾ ਦੀ ਅਗਵਾਈ ਵਿਚ ਵਿਰੋਧੀਆਂ ਦਾ ਹਰ ਹਮਲਾ ਨਾਕਾਮ ਕਰ ਦਿੱਤਾ। ਸਿੰਘ ਕਿਲ੍ਹੇ ਵਿਚ ਕਿਸੇ ਵੱਡੇ ਉਦੇਸ਼ ਲਈ ਲੜ ਰਹੇ ਸਨ ਅਤੇ ਹਮਲਾਵਰ ਫੌਜਾਂ ਪੱਧਰੇ ਮੈਦਾਨ ਵਿਚ ਸਨ ਜਿਸ ਕਾਰਨ ਸਿੰਘਾਂ ਨੇ ਉਹਨਾਂ ਦਾ ਜਾਨੀ ਤੌਰ 'ਤੇ ਭਾਰੀ ਨੁਕਸਾਨ ਕੀਤਾ। ਸੂਬਾ ਵਜ਼ੀਰ ਖਾਨ ਇਸ ਗੱਲ ਨੂੰ ਸਮਝ ਚੁੱਕਾ ਸੀ ਕਿ ਅਨੰਦਪੁਰ ਸਾਹਿਬ 'ਤੇ ਹਮਲਾ ਕਰਕੇ ਅਸੀਂ ਕਦੀ ਵੀ ਜਿੱਤ ਨਹੀਂ ਸਕਾਂਗੇ। ਸੂਬਾ ਵਜ਼ੀਰ ਖ਼ਾਨ ਦੀਆਂ ਫ਼ੌਜਾਂ ਨੇ ਜੰਗ ਦੇ ਮੈਦਾਨ ਵਿਚ ਲੜਨ ਦੀ ਥਾਂ ਤੀਰਾਂ ਤੇ ਤੋਪਾਂ ਦੀ ਮਾਰ ਤੋਂ ਪਿੱਛੇ ਹੱਟ ਕੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਕੇ ਬੈਠ ਗਈਆਂ, ਇਸ ਸੋਚ ਨਾਲ ਕਿ ਅਨੰਦਪੁਰ ਸਾਹਿਬ ਦੇ ਅੰਦਰ ਦਾ ਰਾਸ਼ਨ ਪਾਣੀ ਖ਼ਤਮ ਹੋ ਜਾਏਗਾ, ਬਾਹਰੋਂ ਅਸੀਂ ਰਾਸ਼ਨ ਪਾਣੀ ਜਾਣ ਨਹੀਂ ਦੇਵਾਂਗੇ। ਸਿੰਘ ਜਾਂ ਤਾਂ ਭੁੱਖ ਨਾਲ ਮਰਨਗੇ ਤੇ ਜਾਂ ਖੁੱਲ੍ਹੇ ਮੈਦਾਨ 'ਚ ਆ ਕੇ ਲੜਨਗੇ। ਪਾਪੀਆਂ ਨੇ ਅਨੰਦਪੁਰ ਸਾਹਿਬ ਦੇ ਅੰਦਰ ਜਾਂਦੇ ਪਾਣੀ ਦੇ ਨਾਲੇ ਨੂੰ ਬੰਦ ਕਰ ਦਿੱਤਾ, ਜਿਥੋਂ ਸਿੰਘ ਪਾਣੀ ਦੀ ਲੋੜ ਨੂੰ ਪੂਰੀ ਕਰਦੇ ਸਨ। ਸਮਾਂ ਬਤੀਤ ਹੁੰਦਾ ਗਿਆ, ਰਾਸ਼ਨ ਖ਼ਤਮ ਹੋਣ ਲੱਗਾ, ਦਸਮੇਸ਼

ਪਿਤਾ ਜੀ ਸਿੰਘਾਂ ਨੂੰ ਹਰ ਸਮੇਂ ਚੜ੍ਹਦੀ ਕਲਾ ਵਿਚ ਰਹਿਣ ਦਾ ਉਪਦੇਸ਼ ਦਿੰਦੇ। ਪਹਾੜੀ ਤੇ ਮੁਗਲ ਫੌਜਾਂ ਨੇ ਅਨੰਦਪੁਰ ਸਾਹਿਬ ਦੇ ਚਾਰੇ ਪਾਸੇ ਪਿੰਡਾਂ ਦੀਆਂ ਫਸਲਾਂ ਤਬਾਹ ਕਰ ਦਿੱਤੀਆਂ ਸਨ। ਗਰਮੀ ਤੋਂ ਬਰਸਾਤ, ਬਰਸਾਤ ਤੋਂ ਸਰਦੀ ਅਰੰਭ ਹੋ ਚੁੱਕੀ ਸੀ। ਇਹ ਘੇਰਾ ਕਈ ਮਹੀਨੇ ਲੰਬਾ ਹੋ ਗਿਆ। ਕਈ ਮਹੀਨਿਆਂ ਤੋਂ ਮੁਗ਼ਲ ਫੌਜਾਂ ਨੂੰ ਤਨਖਾਹ ਨਹੀਂ ਦਿੱਤੀ ਗਈ ਸੀ ਜਿਸ ਕਰਕੇ ਮੁਗਲ ਤੇ ਪਹਾੜੀ ਫੌਜਾਂ ਵਿਚ ਬਗਾਵਤ ਪੈਦਾ ਹੋਣ ਦਾ ਡਰ ਬਣ ਗਿਆ। ਹਕੂਮਤ ਵੀ ਇਸ ਲੰਬੀ ਲੜਾਈ ਨੂੰ ਖ਼ਤਮ ਕਰਨਾ ਚਾਹੁੰਦੀ ਸੀ। ਮੁਗਲ ਅਤੇ ਪਹਾੜੀ ਫੌਜਾਂ, ਸਿੰਘਾਂ ਦੀ ਬਹਾਦਰੀ ਨੂੰ ਜਾਣਦੀਆਂ ਸਨ। ਉਹ ਸਮਝ ਚੁੱਕੇ ਸਨ ਕਿ ਬਿਨਾਂ ਕਿਸੇ ਚਤੁਰਾਈ ਤੋਂ ਜੰਗ ਨਹੀਂ ਜਿੱਤੀ ਜਾ ਸਕਦੀ। ਇਸ ਲਈ ਪਹਾੜੀ ਰਾਜਿਆਂ ਵੱਲੋਂ ਬ੍ਰਾਹਮਣ ਅਤੇ ਮੁਗਲ ਫੌਜਾਂ ਵੱਲੋਂ ਕਾਜ਼ੀ ਦਸਮੇਸ਼ ਪਿਤਾ ਜੀ ਕੋਲ ਹਾਜ਼ਰ ਹੋਏ। ਉਹਨਾਂ ਨੇ ਬੇਨਤੀ ਕੀਤੀ ਕਿ ਪਹਾੜੀ ਰਾਜੇ ਗਊ ਤੇ ਗੀਤਾ ਦੀ ਕਸਮ ਤੇ ਮੁਗਲ ਕੁਰਾਨ ਦੀ ਕਸਮ ਖਾਂਦੇ ਹਨ ਕਿ ਆਪ ਜੀ ’ਤੇ ਕਿਸੇ ਪ੍ਰਕਾਰ ਦਾ ਹਮਲਾ ਨਹੀਂ ਕਰਾਂਗੇ। ਆਪ ਜੀ ਇਕ ਵਾਰ ਅਨੰਦਪੁਰ ਸਾਹਿਬ ਛੱਡ ਕੇ ਚਲੇ ਜਾਓ ਫਿਰ ਵਾਪਿਸ ਆ ਜਾਣਾ। ਇਸ ਤਰ੍ਹਾਂ ਪਹਾੜੀ ਫ਼ੌਜ ਅਤੇ ਮੁਗਲਾਂ ਦੀ ਇੱਜ਼ਤ ਰਹਿ ਜਾਏਗੀ। ਇਹ ਕਹਿ ਕੇ ਪੰਡਿਤ ਤੇ ਕਾਜ਼ੀ ਵਾਪਿਸ ਚਲੇ ਗਏ। ਪੰਜਾਂ ਪਿਆਰਿਆਂ ਦੇ ਨਾਲ ਵੀਚਾਰ ਕਰਨ ਉਪਰੰਤ ਅਕਾਲ ਪੁਰਖ ਦੇ ਭਾਣੇ ਨੂੰ ਮੰਨਦਿਆਂ ਦਸਮੇਸ਼ ਪਿਤਾ ਜੀ ਨੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਦਾ ਫੈਸਲਾ ਕਰ ਲਿਆ। 19 ਅਤੇ 20 ਦਸੰਬਰ ਦੀ ਰਾਤ ਨੂੰ ਸਤਿਗੁਰੂ ਜੀ ਆਪਣੇ ਪਰਿਵਾਰ, ਸਿੰਘਾਂ ਨਾਲ ਕਿਲ੍ਹਾ ਅਨੰਦਗੜ੍ਹ ਤੋਂ ਕੀਰਤਪੁਰ



ਸਾਹਿਬ ਨੂੰ ਚਲ ਪਏ। ਇਸ ਜਥੇ ਵਿਚ ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਗੁਰੂ ਕੇ ਮਹਿਲ (ਸੁਪਤਨੀਆਂ), ਭਾਈ ਮਨੀ ਸਿੰਘ, ਮਾਤਾ ਗੁਜਰ ਕੌਰ ਜੀ ਅਤੇ ਹੋਰ ਸਿੰਘ ਸ਼ਾਮਿਲ ਸਨ। ਜਦੋਂ ਇਹ ਜਥਾ ਕੀਰਤਪੁਰ ਸਾਹਿਬ ਕੋਲ ਪੁੱਜਾ ਪਹਾੜੀ ਰਾਜੇ ਤੇ ਮੁਗਲ ਹਕੂਮਤ ਨੇ ਆਪਣੇ ਧਰਮ ਗ੍ਰੰਥਾਂ ਦੀਆਂ ਖਾਧੀਆਂ ਕਸਮਾਂ ਤੋੜ ਕੇ ਦਸਮੇਸ਼ ਪਿਤਾ ਜੀ ਦੇ ਜਥੇ ਤੇ ਹਮਲਾ ਕਰ ਦਿੱਤਾ। ਦਸਮੇਸ਼ ਪਿਤਾ ਜੀ ਨੇ ਭਾਈ ਉਦੇ ਸਿੰਘ ਦੇ ਜਥੇ ਨੂੰ ਜ਼ਾਲਮ ਨਾਲ ਮੁਕਾਬਲਾ ਕਰਨ ਲਈ ਕਿਹਾ। ਬਾਕੀ ਦਾ ਜਥਾ ਸਰਸਾ ਵੱਲ ਵੱਧਣ ਲੱਗਾ। ਪਹਾੜਾਂ ਵਿਚ ਭਾਰੀ ਮੀਂਹ ਕਾਰਨ ਸਰਸਾ ਨਦੀ ਵਿਚ ਹੜ੍ਹ ਆਇਆ ਹੋਇਆ ਸੀ। ਸਰਸਾ ਦੇ ਕਿਨਾਰੇ ਭਾਰੀ ਜੰਗ ਹੋਇਆ, ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ, ਦਸਮੇਸ਼ ਜੀ ਨੇ ਸਰਸਾ ਨਦੀ ਨੂੰ ਪਾਰ ਕਰਨ ਦਾ ਹੁਕਮ ਦਿੱਤਾ, ਕੁਝ ਸਿੰਘ ਸਰਸਾ ਦੇ ਤੇਜ ਵਹਾਅ ਵਿਚ ਰੁੜ੍ਹ ਗਏ। ਬਹੁਤ ਸਾਰਾ ਧਾਰਮਿਕ ਸਾਹਿਤ ਅਤੇ ਕੁਝ ਮਹੱਤਵਪੂਰਨ ਗ੍ਰੰਥ ਸਰਸਾ ਵਿਚ ਰੁੜ੍ਹ ਗਏ, ਇਥੇ ਗੁਰੂ ਸਾਹਿਬ ਜੀ ਦਾ ਪਰਿਵਾਰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ।

1. ਭਾਈ ਮਨੀ ਸਿੰਘ ਜੀ ਗੁਰੂ ਕੇ ਮਹਿਲ (ਸੁਪਤਨੀਆਂ) ਇਕ ਪਾਸੇ।

2. ਦੂਜੇ ਪਾਸੇ ਦਸਮੇਸ਼ ਪਿਤਾ, ਵੱਡੇ ਸਾਹਿਬਜ਼ਾਦੇ ਤੇ ਕੁਝ ਸਿੰਘਾਂ ਨਾਲ ਸਰਸਾ ਨਦੀ ਪਾਰ ਕਰ ਗਏ।

3. ਤੀਜੇ ਪਾਸੇ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਸਰਸਾ ਨਦੀ ਪਾਰ ਨਾ ਕਰ ਪਾਏ ਤੇ ਸਰਸਾ ਦੇ ਕਿਨਾਰੇ-ਕਿਨਾਰੇ ਤੁਰ ਪਏ ਤੇ ਬਾਕੀ ਜਥੇ ਨਾਲੋਂ ਵਿੱਛੜ ਗਏ।

ਕੁਝ ਪੈਂਡਾ ਤਹਿ ਕਰਕੇ ਝਾੜੀਆਂ ਦੀ ਓਟ ਲੈ, ਮਾਤਾ ਗੁਜਰੀ ਜੀ ਸਾਹਿਬਜ਼ਾਦਿਆਂ ਨੂੰ ਲੈ ਕੇ ਬੈਠ ਗਏ। ਅਤਿ ਦੀ ਸਰਦੀ, ਹੱਡ-ਚੀਰਵੀਂ ਠੰਡੀ ਹਵਾ ਵੱਗ ਰਹੀ ਸੀ।





ਮਾਤਾ ਗੁਜਰੀ ਜੀ ਨੇ ਦੂਰ ਇਕ ਝੌਂਪੜੀ ਵਿਚ ਦੀਵਾ ਜਗਦਾ ਵੇਖਿਆ ਰਾਤ ਬਤੀਤ ਕਰਨ ਵਾਸਤੇ ਮਾਤਾ ਜੀ ਆਪਣੇ ਪੋਤਿਆਂ ਨੂੰ ਲੈ ਕੇ ਉਸ ਝੌਂਪੜੀ ਵੱਲ ਤੁਰ ਪਏ। ਝੌਂਪੜੀ ਦੇ ਕੋਲ ਜਾ ਕੇ ਅਵਾਜ਼ ਦਿੱਤੀ, "ਕੋਈ ਹੈ. ਰੱਬ ਦਾ ਪਿਆਰਾ।" ਅੰਦਰੋਂ ਕੁੰਮਾ ਮਾਸ਼ਕੀ ਬਾਹਰ ਆਇਆ ਅਤੇ ਉਸ ਨੇ ਪੁੱਛਿਆ ਤੁਸੀਂ ਕੌਣ ਹੋ ?

**ਹਰਕੀਰਤਨ ਸਿੰਘ :** ਦਾਦੀ ਮਾਂ ਜੀ ਇਹ ਮਾਸ਼ਕੀ ਕੌਣ ਹੁੰਦਾ ਹੈ?

**ਦਾਦੀ :** ਬੇਟਾ ਪੁਰਾਣੇ ਸਮੇਂ ਵਿੱਚ ਮਸ਼ਕ ਵਿੱਚ ਪਾਣੀ ਲਿਆ ਕੇ ਪਿਲਾਉਣ ਵਾਲੇ ਨੂੰ ਮਾਸ਼ਕੀ ਕਹਿੰਦੇ ਸਨ।

**ਬੱਚੇ :** ਠੀਕ ਹੈ ਦਾਦੀ ਜੀ, ਅੱਗੇ ਸੁਣਾਓ!

ਮਾਤਾ ਗੁਜਰੀ ਜੀ ਨੇ ਆਪਣੇ ਤੇ ਸਾਹਿਬਜ਼ਾਦਿਆਂ ਬਾਰੇ ਦੱਸਿਆ ਇਹ ਸੁਣ ਕੇ ਕੁੰਮਾਂ ਮਾਸ਼ਕੀ ਨੇ ਮਾਤਾ ਜੀ ਦੇ ਚਰਨਾਂ ਨੂੰ ਮੱਥਾ ਟੇਕਿਆ। ਆਪਣੀ ਝੌਂਪੜੀ ਦੇ ਅੰਦਰ ਲੈ ਗਿਆ। ਠੰਡ ਤੋਂ ਬਚਣ ਲਈ ਮੋਟਾ ਕੱਪੜਾ ਦਿੱਤਾ ਤੇ ਆਪ ਨਾਲ ਦੇ ਪਿੰਡ ਮਾਈ ਲਛਮੀ ਦੇ ਘਰ ਪ੍ਰਸ਼ਾਦਾ ਲੈਣ ਚਲਾ ਗਿਆ। ਕੁੰਮਾ ਮਾਸ਼ਕੀ ਨੇ ਮਾਈ ਨੂੰ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀ ਸਾਰੀ ਗੱਲ ਸੁਣਾਈ ਤੇ ਛੇਤੀ ਪ੍ਰਸ਼ਾਦਾ ਤਿਆਰ ਕਰਨ ਲਈ ਕਿਹਾ। ਮਾਈ ਲਛਮੀ ਨੇ ਪ੍ਰਸ਼ਾਦਾ ਤਿਆਰ ਕਰਕੇ ਅਤੇ ਮੋਟੇ ਕੱਪੜੇ ਦਿੰਦਿਆਂ ਕਿਹਾ, "ਹੁਣ ਤੁਸੀਂ ਪ੍ਰਸ਼ਾਦਾ ਲੈ ਜਾਓ ਤੇ ਕੱਲ੍ਹ ਸਵੇਰੇ ਮੈਂ ਆਪ ਪ੍ਰਸ਼ਾਦਾ ਤਿਆਰ ਕਰਕੇ ਲੈ ਕੇ ਆਵਾਂਗੀ ਨਾਲ

ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੇ ਦਰਸ਼ਨ ਵੀ ਕਰ ਲਵਾਂਗੀ। ਮਾਤਾ ਜੀ ਤੇ ਸਾਹਿਬਜ਼ਾਦਿਆਂ ਨੇ ਸਵੇਰ ਦਾ ਕੁਝ ਵੀ ਨਹੀਂ ਸੀ ਖਾਧਾ। ਕੁੰਮਾ ਮਾਸ਼ਕੀ ਨੇ ਬੜੀ ਸ਼ਰਧਾ ਨਾਲ ਪ੍ਰਸ਼ਾਦਾ ਛਕਾਇਆ ਅਤੇ ਸੌਣ ਲਈ ਜ਼ਮੀਨ ਉੱਤੇ ਬਿਸਤਰਾ ਵਿਛਾ ਦਿੱਤਾ। ਜੰਗ ਦੇ ਭਿਆਨਕ ਮੰਜਰ ਵਿੱਚੋਂ ਆਏ ਅਤੇ ਸਾਰਾ ਦਿਨ ਦੇ ਥੱਕੇ ਸਾਹਿਬਜ਼ਾਦੇ ਮਾਤਾ ਜੀ ਦੇ ਨਾਲ ਸੌਂ ਗਏ। ਅਗਲੀ ਸਵੇਰ, ਮਾਈ ਲਛਮੀ ਪ੍ਰਸ਼ਾਦਾ ਤਿਆਰ ਕਰ ਕੇ ਲੈ ਆਈ ਤੇ ਉਸ ਨੇ ਬਹੁਤ ਸ਼ਰਧਾ ਨਾਲ ਪ੍ਰਸ਼ਾਦਾ ਛਕਾਇਆ। ਕੁੰਮਾ ਮਾਸ਼ਕੀ ਬਾਹਰ ਤੁਰ ਫਿਰ ਕੇ ਪਹਿਰਾ ਦੇ ਰਿਹਾ ਸੀ। ਇੰਨੇ ਚਿਰ ਨੂੰ ਗੰਗੂ ਵੀ ਉਥੇ ਪਹੁੰਚ ਗਿਆ, ਕਿਉਂਕਿ ਗੰਗੂ ਨੂੰ ਖ਼ਬਰ ਪਤਾ ਲੱਗੀ ਸੀ ਕਿ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦੇ ਪਰਿਵਾਰ ਨਾਲੋਂ ਵਿਛੜ ਗਏ ਹਨ ਅਤੇ ਉਹ ਲੱਭਦਾ ਲੱਭਦਾ ਇਧਰ ਆ ਗਿਆ ਅਤੇ ਕੁੰਮਾ ਮਾਸ਼ਕੀ ਨੂੰ ਪੁੱਛਦਾ ਹੈ ਕਿ "ਕੀ ਤੁਸੀਂ ਬਿਰਧ ਮਾਤਾ ਅਤੇ ਦੋ ਛੋਟੇ ਬੱਚਿਆਂ ਨੂੰ ਵੇਖਿਆ ਹੈ?"

**ਤਜਿੰਦਰ ਸਿੰਘ** : ਦਾਦੀ ਮਾਂ, ਇਹ ਗੰਗੂ ਬ੍ਰਾਹਮਣ ਕੌਣ ਸੀ?

**ਦਾਦੀ** : ਗੰਗੂ ਬ੍ਰਾਹਮਣ ਅਨੰਦਪੁਰ ਸਾਹਿਬ ਵਿਖੇ ਗੁਰੂ ਘਰ ਦੇ ਲੰਗਰ ਵਿੱਚ ਛੋਟੀ-ਮੋਟੀ ਨੌਕਰੀ ਕਰਦਾ ਸੀ। ਪਰ ਅੰਦਰੋਂ ਖੁਣਸ ਖਾਂਦਾ ਸੀ ਅਤੇ ਉਹ ਮੌਕੇ ਦੀ ਭਾਲ ਵਿੱਚ ਸੀ।

**ਬੱਚੇ** : ਠੀਕ ਹੈ ਦਾਦੀ ਜੀ, ਫਿਰ ਕੀ ਹੋਇਆ ?

ਕੁੰਮਾ ਮਾਸ਼ਕੀ ਗੰਗੂ ਨੂੰ ਆਪਣੀ ਝੌਂਪੜੀ ਅੰਦਰ ਲੈ ਗਿਆ। ਗੰਗੂ ਨੇ ਮਾਤਾ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ ਤੇ ਕਿਹਾ, "ਹੁਣ ਤੁਸੀਂ ਫ਼ਿਕਰ ਨਾ ਕਰੋ, ਮੈਂ ਸਾਹਿਬਜ਼ਾਦਿਆਂ ਨੂੰ ਇਨ੍ਹਾਂ ਦੇ ਵੱਡੇ ਵੀਰਾਂ ਤੇ ਗੁਰੂ





ਪਿਤਾ ਜੀ ਨਾਲ ਮਿਲਾ ਦੇਵਾਂਗਾ।" ਮਾਤਾ ਜੀ ਮਾਈ ਲਛਮੀ ਤੇ ਕੁੰਮਾ ਮਾਸ਼ਕੀ ਦੀ ਸੇਵਾ ਤੋਂ ਬਹੁਤ ਪ੍ਰਸੰਨ ਹੋਏ ਤੇ ਉਹਨਾਂ ਨੂੰ ਪੰਜ ਸੋਨੇ ਦੀਆਂ ਮੋਹਰਾਂ ਅਸੀਸ ਵਜੋਂ ਦਿੱਤੀਆਂ। ਮਾਈ ਲਛਮੀ ਤੇ ਕੁੰਮਾ ਮਾਸ਼ਕੀ ਨੇ ਮਾਤਾ ਜੀ ਦੇ ਚਰਨਾਂ 'ਤੇ ਮੱਥਾ ਟੇਕ ਕੇ ਅਸੀਸ ਪ੍ਰਾਪਤ ਕੀਤੀ।

ਗੰਗੂ ਦੇ ਮਨ ਅੰਦਰ ਪਹਿਲਾਂ ਹੀ ਗੁਰੂ ਘਰ ਪ੍ਰਤੀ ਖੁਣਸ ਸੀ, ਮੋਹਰਾਂ ਵਾਲੀ ਥੈਲੀ ਵੇਖ ਕੇ ਗੰਗੂ ਦੇ ਮਨ ਵਿਚ ਵੀ ਲਾਲਚ ਆ ਗਿਆ ਅਤੇ ਉਹ ਬੇਈਮਾਨ ਹੋ ਗਿਆ। ਕੁੰਮਾ ਮਾਸ਼ਕੀ ਨੇ ਇਥੋਂ ਬੇੜੀ ਵਿਚ ਬਿਠਾ ਸਤਿਲੁਜ ਦਰਿਆ ਪਾਰ ਕਰਵਾ ਦਿੱਤਾ। ਥੋੜ੍ਹਾ ਪੈਂਡਾ ਤਹਿ ਕਰਕੇ, ਮਾਤਾ ਜੀ ਨੇ ਗੰਗੂ ਨੂੰ ਕਿਹਾ, "ਗੰਗੂ! ਇਥੇ ਨੇੜੇ ਗੁਰੂ ਘਰ ਦਾ ਸ਼ਰਧਾਲੂ ਕੋਟਲਾ ਨਿਹੰਗ ਖਾਂ ਰਹਿੰਦਾ ਹੈ ਕਿਉਂ ਨਾ ਉਸ ਦੇ ਘਰ ਜਾਇਆ ਜਾਵੇ।" ਇਹ ਸੁਣ ਕੇ ਗੰਗੂ ਨੇ ਕਿਹਾ, "ਹੋ ਸਕਦਾ ਹੈ ਉਸ ਪਾਸੇ ਮੁਗਲ ਸਿਪਾਹੀ ਹੋਣ ਤੇ ਸਾਡਾ ਕਿਸੇ ਤਰ੍ਹਾਂ ਨੁਕਸਾਨ ਹੋ ਸਕਦਾ ਹੈ, ਤੁਸੀਂ ਮੇਰੇ 'ਤੇ ਭਰੋਸਾ ਰੱਖੋ।" ਅਸਲ ਵਿੱਚ ਗੰਗੂ ਸੋਨੇ ਦੀਆਂ ਮੋਹਰਾਂ ਵਾਲੀ ਥੈਲੀ ਆਪਣੇ ਕਬਜ਼ੇ ਵਿਚ ਕਰਨੀ ਚਾਹੁੰਦਾ ਸੀ। ਉਹ ਨਹੀਂ ਸੀ ਚਾਹੁੰਦਾ ਕਿ ਮਾਤਾ ਜੀ ਕਿਸੇ ਸਿੱਖ ਦੇ ਘਰ ਚਲੇ ਜਾਣ ਤੇ ਉਸ ਦਾ ਮਾਇਆ ਵਾਲਾ ਖੇਲ ਵਿਗੜ ਜਾਵੇ। ਮਾਤਾ ਜੀ ਨੇ ਕਿਹਾ, "ਗੰਗੂ! ਜਿਵੇਂ ਤੈਨੂੰ ਠੀਕ ਲੱਗਦਾ ਉਸੇ ਤਰ੍ਹਾਂ ਕਰ ਲੈ।" ਗੰਗੂ ਜੰਗਲ ਦੇ ਰਸਤੇ ਇਹ ਕਹਿ ਕੇ ਤੁਰ ਪਿਆ ਕਿ ਮੈਂ ਤੁਹਾਨੂੰ ਆਪਣੇ



ਪਿੰਡ ਖੇੜੀ ਲੈ ਕੇ ਜਾ ਰਿਹਾ ਹਾਂ। ਸਫ਼ਰ ਕਰਦਿਆਂ ਰਾਤ ਪੈ ਗਈ, ਗੰਗੂ ਇਕ ਤਲਾਬ ਦੇ ਕਿਨਾਰੇ ਲੈ ਗਿਆ ਅਤੇ ਕਿਹਾ, "ਅੱਜ ਰਾਤ ਇਥੇ ਕੱਟ ਲੈਂਦੇ ਹਾਂ, ਤੁਸੀਂ ਇਥੇ ਬੈਠੋ ਮੈਂ ਹੁਣੇ ਲਾਗੇ ਦੇ ਪਿੰਡ ਵਿਚੋਂ ਰੋਟੀ ਲੈ ਕੇ ਆਉਂਦਾ ਹਾਂ ।" ਖੁੱਲ੍ਹੇ ਅਸਮਾਨ ਦੇ ਥੱਲੇ ਪੋਹ ਦੇ ਮਹੀਨੇ ਦੀ ਅਤਿ ਦੀ ਠੰਡੀ ਰਾਤ ਮਾਤਾ ਜੀ ਸਾਹਿਬਜ਼ਾਦਿਆਂ ਨੂੰ ਗੋਦੀ 'ਚ ਲੈ ਕੇ ਬੈਠ ਗਏ। ਗੰਗੂ ਦਾ ਪਿੰਡ ਨੇੜੇ ਹੀ ਸੀ, ਪਰ ਉਸ ਦੀ ਲਾਲਚੀ ਸੋਚ ਸੀ ਇਹ ਮੋਹਰਾਂ ਵਾਲੀ ਥੈਲੀ ਦਾ ਕੰਮ ਮੈਂ ਬਾਹਰੋਂ-ਬਾਹਰ ਨਿਪਟਾ ਦੇਵਾਂ। ਮਾਤਾ ਜੀ ਸੁੱਤੇ ਹੋਣਗੇ ਰਾਤੀਂ ਮੈਂ ਧਨ ਵਾਲੀ ਥੈਲੀ ਲੈ ਕੇ ਦੌੜ ਜਾਵਾਂਗਾ। ਥੋੜੇ ਚਿਰ ਬਾਅਦ ਹੀ ਗੰਗੂ ਰੋਟੀ ਲੈ ਕੇ ਆ ਗਿਆ, ਸਾਰੇ ਰੋਟੀ ਖਾ ਕੇ ਸੌਂ ਗਏ, ਮਾਤਾ ਜੀ ਨੇ ਧਨ ਵਾਲੀ ਥੈਲੀ ਸਿਰ ਦੇ ਥੱਲੇ ਸਿਰਹਾਣੇ ਦੇ ਤੌਰ 'ਤੇ ਰੱਖ ਲਈ। ਲਾਲਚੀ ਗੰਗੂ ਸਾਰੀ ਰਾਤ ਜਾਗਦਾ ਰਿਹਾ, ਇਸ ਲਾਲਚ ਵਿਚ ਕਿ ਧਨ ਵਾਲੀ ਥੈਲੀ ਚੋਰੀ ਕਰਕੇ ਮੈਂ ਦੌੜ ਜਾਵਾਂਗਾ, ਪਰ ਉਸ ਨੂੰ ਮੌਕਾ ਨਾ ਲੱਗਾ। ਦਿਨ ਚੜ੍ਹਦੇ ਨੂੰ, ਗੰਗੂ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਖੇੜੀ ਲੈ ਆਇਆ ਤੇ ਘਰ ਦੀ ਪਿਛਲੀ ਕੋਠੜੀ ਵਿਚ ਟਿਕਾਣਾ ਕਰਵਾਇਆ। ਗੰਗੂ ਆਪਣੀ ਮਾਂ ਨੂੰ ਕਹਿਣ ਲੱਗਾ, "ਮਾਂ ਵੇਖ, ਸਾਡੇ ਘਰ ਲਛਮੀ ਆਪ ਚਲ ਕੇ ਆਈ ਹੈ।" ਗੰਗੂ ਦੀ ਮਾਂ ਬੋਲੀ, "ਹਾਂ ਪੁੱਤ, ਇਕੱਲੀ ਲਛਮੀ ਨਹੀਂ ਬਲਕਿ ਦੋ ਜਹਾਨਾਂ ਦੀ ਦੌਲਤ ਤੇਰੇ ਘਰ ਆਈ ਹੈ। ਰੱਜ ਕੇ ਸੇਵਾ ਕਰ ਲੈ, ਤੇਰਾ ਲੋਕ ਤੇ ਪਰਲੋਕ ਸੁਹੇਲਾ ਹੋਵੇਗਾ।" ਗੰਗੂ ਕਹਿੰਦਾ, "ਮਾਂ, ਮੈਂ ਉਸ ਧਨ ਦੀ ਗੱਲ ਨਹੀਂ ਕਰਦਾ ਮੈਂ ਤਾਂ ਮਾਤਾ ਜੀ ਦੇ ਕੋਲ ਸੋਨੇ ਦੀਆਂ ਮੋਹਰਾਂ ਵਾਲੀ ਥੈਲੀ ਦੀ ਗੱਲ ਕਰਦਾ ਹਾਂ, ਮਾਂ ਜੇ ਤੂੰ ਸਾਥ ਦੇਵੇਂ ਖਾਣੇ ਵਿਚ ਜ਼ਹਿਰ ਮਿਲਾ

ਕੇ ਇਹਨਾਂ ਨੂੰ ਮਾਰ ਦਈਏ ਤਾਂ ਇਹ ਸਾਰਾ ਧਨ ਸਾਡਾ ਹੋ ਜਾਵੇਗਾ, ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਤਰ ਜਾਣਗੀਆਂ। ਮਾਂ ਨੇ ਕਿਹਾ, "ਹਾਏ ਪੁੱਤਰ ! ਇਹ ਪਾਪ ਨਾ ਕਮਾਈਂ, ਤੇਰਾ ਦੋ ਜਹਾਨਾਂ 'ਚ ਮੂੰਹ ਕਾਲਾ ਹੋਵੇਗਾ, ਰਹਿੰਦੀ ਦੁਨੀਆਂ ਤੱਕ ਲੋਕੀ ਤੈਨੂੰ ਫਿਟਕਾਰਾਂ ਪਾਉਣਗੇ।" ਮਾਤਾ ਜੀ ਨੇ ਪ੍ਰਸ਼ਾਦਾ ਛਕਿਆ, ਰਾਤ ਅਰਾਮ ਕਰਨ ਵਾਸਤੇ ਲੰਮੇ ਪੈ ਗਏ। ਗੰਗੂ ਨੇ ਧਨ ਵਾਲੀ ਥੈਲੀ ਚੋਰੀ ਕਰ ਲਈ। ਜਦੋਂ ਕਮਰੇ ਵਿਚ ਖੜਾਕ ਹੋਇਆ ਤਾਂ ਮਾਤਾ ਜੀ ਨੇ ਗੰਗੂ ਨੂੰ ਧਨ ਚੋਰੀ ਕਰਦਿਆਂ ਦੇਖ ਲਿਆ ਪਰ ਚੁੱਪ ਰਹੇ। ਦਿਨ ਚੜ੍ਹਿਆ ਤਾਂ ਮਾਤਾ ਜੀ ਨੇ ਗੰਗੂ ਨੂੰ ਕਿਹਾ, "ਪੁੱਤਰ ! ਚੰਗਾ ਕੀਤਾ ਤੂੰ ਧਨ ਵਾਲੀ ਥੈਲੀ ਸਾਂਭ ਕੇ ਰੱਖ ਲਈ।" ਇਹ ਸੁਣ ਗੰਗੂ ਗੁੱਸੇ ਵਿਚ ਆ ਕੇ ਕਹਿਣ ਲੱਗਾ, "ਚੰਗਾ ਤੁਸਾਂ ਮੇਰੀ ਸੇਵਾ ਦਾ ਮੁੱਲ ਪਾਇਆ ਹੈ, ਮੈਂ ਔਖੇ ਸਮੇਂ ਤੁਹਾਡਾ ਸਾਥ ਦੇ ਰਿਹਾ ਹਾਂ, ਤੁਸੀਂ ਮੈਨੂੰ ਚੋਰ ਬਣਾਉਂਦੇ ਹੋ। ਇੰਨੇ ਚਿਰ ਨੂੰ ਮੁਨਾਦੀ ਵਾਲੇ ਦੀ ਬਾਹਰੋਂ ਆਵਾਜ਼ ਆਈ, "ਸੁਣੋ ! ਸੁਣੋ !! ਸੁਣੋ !!! ਹਕੂਮਤ ਦੇ ਬਾਗੀ ਗੁਰੂ ਗੋਬਿੰਦ ਸਿੰਘ ਦੇ ਪਰਿਵਾਰ ਬਾਰੇ ਜੇ ਕੋਈ ਖ਼ਬਰ ਦੇਵੇਗਾ, ਉਸ ਨੂੰ ਸਰਕਾਰ-ਏ-ਦਰਬਾਰੇ ਇਨਾਮ ਦਿੱਤਾ ਜਾਵੇਗਾ। ਜੇਕਰ ਕੋਈ ਮਦਦ ਕਰੇਗਾ, ਉਸ ਨੂੰ ਤੇ ਉਸ ਦੇ ਪਰਿਵਾਰ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ। ਇਸ ਅਵਾਜ਼ ਨੇ ਗੰਗੂ ਦੇ ਮਨ 'ਤੇ ਹੋਰ ਅਸਰ ਕੀਤਾ। ਉਹ ਬਿਨਾਂ ਕੁਝ ਕਹੇ ਸੁਣੇ ਗੁੱਸੇ ਨਾਲ ਭਰਿਆ ਘਰੋਂ ਬਾਹਰ ਚਲਾ ਗਿਆ। ਉਸ ਦੇ ਮਨ ਵਿਚ ਲਾਲਚ ਸੀ ਕਿ ਧਨ ਵਾਲੀ ਥੈਲੀ ਤੇ ਆ ਹੀ ਗਈ ਹੈ, ਹੁਣ ਸਰਕਾਰੀ ਇਨਾਮ ਵੀ ਮਿਲੇਗਾ ਤੇ



ਸਰਕਾਰ ਦਾ ਵਫ਼ਾਦਾਰ ਵੀ ਕਹਾਵਾਂਗਾ। ਰੌਲਾ ਪੈਣ ਕਰਕੇ ਲੋਕ ਗੰਗੂ ਦੇ ਘਰ ਇਕੱਠੇ ਹੋਣ ਲੱਗੇ। ਲੋਕ ਮਾਤਾ ਜੀ ਅਤੇ ਦੋ ਲਾਲਾਂ ਦੇ ਦਰਸ਼ਨ ਕਰਕੇ ਨਿਹਾਲ ਹੋ ਰਹੇ ਸਨ। ਗੰਗੂ ਪਾਪੀ ਨੇ ਪਿੰਡ ਦੇ ਚੌਧਰੀ ਨੂੰ ਜਾ ਖਬਰ ਦਿੱਤੀ, ਚੌਧਰੀ ਆਪਣੇ ਬੰਦਿਆਂ ਨਾਲ ਗੰਗੂ ਦੇ ਘਰ ਪੁੱਜਾ ਤੇ ਮਾਤਾ ਜੀ ਤੇ ਛੋਟੇ ਲਾਲਾਂ ਨੂੰ ਵੇਖ ਕੇ ਖੁਸ਼ ਹੋਇਆ, ਆਪਣੇ ਬੰਦਿਆਂ ਨੂੰ ਪਹਿਰੇ 'ਤੇ ਖੜਾ ਕਰ ਦਿੱਤਾ ਕਿ ਮਾਤਾ ਜੀ ਆਪਣੇ ਪੋਤਿਆਂ ਨੂੰ ਲੈ ਕੇ ਕਿਤੇ ਹੋਰ ਨਾ ਚਲੇ ਜਾਣ। ਚੌਧਰੀ ਨੇ ਗੰਗੂ ਪਾਪੀ ਨੂੰ ਨਾਲ ਲੈ ਕੇ ਮੋਰਿੰਡੇ ਦੇ ਥਾਣੇਦਾਰ ਕੋਲ ਜਾ ਖਬਰ ਦਿੱਤੀ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦੇ ਗੰਗੂ ਦੇ ਘਰ ਹਨ, ਨਾਲ ਚਲ ਕੇ ਫੜ ਲਵੋ ਸਰਕਾਰ ਪਾਸੋਂ ਆਪ ਤੇ ਸਾਨੂੰ ਇਨਾਮ ਦਿਵਾ ਦਿਓ। ਥਾਣੇਦਾਰ ਜਾਨੀ ਖਾਂ ਅਤੇ ਮਾਨੀ ਖਾਂ ਆਪਦੇ ਨਾਲ ਸਿਪਾਹੀ ਲੈ ਕੇ ਗੰਗੂ ਦੇ ਘਰ ਪੁੱਜੇ ਅਤੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਜ਼ੰਜੀਰ ਨਾਲ ਹੱਥ ਬੰਨ੍ਹ ਕੇ ਸਖਤ ਪਹਿਰੇ ਹੇਠ ਗੱਡੇ 'ਤੇ ਬਿਠਾ ਕੇ ਮੋਰਿੰਡੇ ਥਾਣੇ ਕੋਠੜੀ ਵਿੱਚ ਕੈਦ ਕਰ ਦਿੱਤਾ। ਉੱਥੇ ਉਹਨਾਂ ਨੂੰ ਭੁੱਖੇ ਪਿਆਸੇ ਰੱਖਿਆ ਤੇ ਸਰਹਿੰਦ ਵਿਖੇ ਸੂਬਾ ਵਜ਼ੀਰ ਖਾਂ ਨੂੰ ਇਹ ਖ਼ਬਰ ਦਿੱਤੀ ਕਿ ਹਕੂਮਤ ਦੇ ਬਾਗੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦੇ ਸਾਡੀ ਕੈਦ ਵਿਚ ਹਨ। ਇਹ ਖ਼ਬਰ ਸੁਣ ਕੇ ਸੂਬਾ ਬਹੁਤ ਖੁਸ਼ ਹੋਇਆ। ਉਸ ਨੇ ਹੁਕਮ ਦਿੱਤਾ ਕਿ ਛੇਤੀ ਤੋਂ ਛੇਤੀ ਉਹਨਾਂ ਨੂੰ ਸਰਹਿੰਦ ਵਿਖੇ ਲਿਆਂਦਾ ਜਾਵੇ ਅਤੇ ਖਾਣ ਪੀਣ ਲਈ ਕੁਝ ਵੀ ਨਾ ਦਿੱਤਾ ਜਾਵੇ। ਵਜ਼ੀਰ ਖਾਂ ਦੇ ਹੁਕਮ







ਅਨੁਸਾਰ ਉਹਨਾਂ ਨੂੰ ਮੋਰਿੰਡੇ ਤੋਂ ਗੱਡੇ ’ਤੇ ਬਿਠਾ ਸਖ਼ਤ ਪਹਿਰੇ ਹੇਠ ਸਰਹਿੰਦ ਲੈ ਕੇ ਚਲ ਪਏ। ਦੁਪਹਿਰ ਨੁਗਾਵਾ ਪਿੰਡ ਦੇ ਕੋਲ ਗੱਡਾ ਰੋਕਿਆ ਗਿਆ। ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਵੇਖਣ ਲਈ ਲੋਕਾਂ ਦੀ ਭੀੜ ਇਕੱਠੀ ਹੋਈ। ਨੇੜੇ ਖੂਹ ਵੱਗ ਰਿਹਾ ਸੀ। ਮਾਤਾ ਜੀ ਨੇ ਪੀਣ ਲਈ ਪਾਣੀ ਮੰਗਿਆ ਪਰ ਹਕੂਮਤ ਦੇ ਡਰ ਕਾਰਨ ਲੋਕਾਂ ਨੇ ਪਾਣੀ ਨਾ ਦਿੱਤਾ। ਇਥੋਂ ਗੱਡਾ ਚਲਕੇ ਬੱਸੀ ਪਠਾਣਾਂ ਦੇ ਕਿਲ੍ਹੇ ਵਿਚ ਰੋਕਿਆ ਗਿਆ। ਸਿਪਾਹੀ ਰੋਟੀ ਖਾਣ ਲੱਗ ਪਏ ਪਰ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਖਾਣ ਲਈ ਕੁਝ ਵੀ ਨਾ ਦਿੱਤਾ। ਬੱਸੀ ਪਠਾਣਾਂ ਤੋਂ ਗੱਡਾ ਚੱਲਕੇ ਸਰਹਿੰਦ ਪੁੱਜਾ। ਸੂਬਾ ਵਜ਼ੀਰ ਖਾਨ ਨੂੰ ਖ਼ਬਰ ਭੇਜੀ ਗਈ। ਸੂਬੇ ਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਿਚ ਭੇਜਣ ਦਾ ਹੁਕਮ ਸੁਣਾ ਦਿੱਤਾ ਤੇ ਨਾਲ ਹੀ ਰੋਟੀ ਪਾਣੀ ਦੇਣ ਦੀ ਮਨਾਹੀ ਕਰ ਦਿੱਤੀ ਤੇ ਠੰਡੇ ਬੁਰਜ ਦੇ ਆਸੇ-ਪਾਸੇ ਸਖ਼ਤ ਪਹਿਰਾ ਲਾ ਦਿੱਤਾ। ਕਹਿਰ ਦੀ ਸਰਦੀ ਠੰਡੇ ਬੁਰਜ ਦੇ ਠੰਡੇ ਫ਼ਰਸ਼ ਉੱਤੇ ਮਾਤਾ ਜੀ ਆਪਣੇ ਪੋਤਿਆਂ ਨੂੰ ਜ਼ੁਲਮ ਦੇ ਖ਼ਿਲਾਫ਼ ਲੜਨ ਦੀ ਸਿੱਖਿਆ ਦਿੰਦੀ ਰਹੀ। ਅਗਲੇ ਦਿਨ ਦੋ ਸਿਪਾਹੀ ਆਏ, ਮਾਤਾ ਜੀ ਨੂੰ ਕਿਹਾ ਵਜ਼ੀਰ ਖਾਂ ਨੇ ਸਾਹਿਬਜ਼ਾਦਿਆਂ ਨੂੰ ਕਚਹਿਰੀ ਬੁਲਾਇਆ ਹੈ। ਮਾਤਾ ਜੀ ਨੇ ਨਾਲ ਜਾਣ ਦੀ ਗੱਲ ਕਹੀ ਪਰ ਸਿਪਾਹੀਆਂ ਨੇ ਮਨ੍ਹਾਂ ਕਰ ਦਿੱਤਾ। ਮਾਤਾ ਜੀ ਨੇ ਸਾਹਿਬਜ਼ਾਦਿਆਂ ਨੂੰ ਆਪਣੇ ਵੱਡੇ-ਵਡੇਰਿਆਂ ਦੀਆਂ ਸਿੱਖਿਆ ਦਿੰਦਿਆਂ, ਸਿਪਾਹੀਆਂ ਨਾਲ ਤੋਰ ਦਿੱਤਾ। ਰਾਹ ’ਚ ਸਿਪਾਹੀ ਸਾਹਿਬਜ਼ਾਦਿਆਂ ਨੂੰ ਸਮਝਾਉਂਦੇ ਗਏ ਕਿ

ਸੂਬਾ ਵਜ਼ੀਰ ਖਾਨ ਉੱਚੇ ਤਖ਼ਤ 'ਤੇ ਬੈਠਾ ਹੋਵੇਗਾ ਤੇ ਆਸੇ-ਪਾਸੇ ਵਜ਼ੀਰ ਤੇ ਕਾਜ਼ੀ ਬੈਠੇ ਹੋਣਗੇ, ਬੜਾ ਨੇਕ ਦਿਲ ਹੈ ਸੂਬਾ ਵਜ਼ੀਰ ਖਾਂ, ਤੁਸੀਂ ਝੁਕ ਕੇ ਸਲਾਮ ਕਰਿਓ ਉਹ ਤੁਹਾਡੇ 'ਤੇ ਬਹੁਤ ਖੁਸ਼ ਹੋਵੇਗਾ। ਇਹ ਗੱਲਾਂ ਕਰਦੇ ਸੂਬੇ ਦੀ ਕਚਹਿਰੀ 'ਚ ਪਹੁੰਚੇ। ਸਿਪਾਹੀਆਂ ਨੇ ਝੁਕ ਕੇ ਸਲਾਮ ਕੀਤਾ ਤੇ ਨਾਲ ਹੀ ਸਾਹਿਬਜ਼ਾਦਿਆਂ ਨੂੰ ਸਲਾਮ ਕਰਨ ਲਈ ਕਿਹਾ। ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਨੇ ਗਜ ਕੇ ਫ਼ਤਿਹ ਬੁਲਾਈ। ਫ਼ਤਿਹ ਦੀ ਅਵਾਜ਼ ਸੁਣ, ਪਾਪੀ ਸੁੱਚਾ ਨੰਦ ਕਹਿਣ ਲੱਗਾ, "ਬੱਚਿਓ! ਇਹ ਅਨੰਦਪੁਰ ਸਾਹਿਬ ਨਹੀਂ, ਜਿਥੇ ਤੁਹਾਡੀ ਫ਼ਤਿਹ ਬੁਲਾਈ ਜਾਵੇ। ਇਹ ਸੂਬੇ ਦੀ ਕਚਿਹਰੀ ਹੈ, ਝੁੱਕ ਕੇ ਸਲਾਮ ਕਰੋ।" ਬਾਬਾ ਫ਼ਤਿਹ ਸਿੰਘ ਨੇ ਕਿਹਾ, "ਗੁਰੂ ਪਿਤਾ ਜੀ ਦਾ ਹੁਕਮ ਹੈ ਕਿ ਇਹ ਸੀਸ ਕੇਵਲ ਅਕਾਲ ਪੁਰਖ ਵਾਹਿਗੁਰੂ ਅੱਗੇ ਜਾਂ ਉਸ ਦੇ ਪਿਆਰਿਆਂ ਅੱਗੇ ਝੁਕੇਗਾ, ਕਿਸੇ ਹੋਰ ਅੱਗੇ ਨਹੀਂ। ਸਲਾਮ ਕਰਨਾ ਤੁਹਾਡਾ ਧਰਮ ਹੈ, ਫ਼ਤਿਹ ਬੁਲਾਉਣਾ ਸਾਡਾ ਧਰਮ ਹੈ। ਇਹ ਸੁਣ ਸੁੱਚਾ ਨੰਦ ਝੂਠ ਬੋਲ ਕੇ ਕਹਿਣ ਲੱਗਾ, ਤੁਹਾਨੂੰ ਪਤਾ ਹੈ ਕਿ ਤੁਹਾਡੇ ਪਿਤਾ ਤੇ ਵੱਡੇ ਭਰਾ ਅਤੇ ਸਿੰਘਾਂ ਨੂੰ ਚਮਕੌਰ ਦੇ ਮੈਦਾਨ ਵਿਚ ਸ਼ਹੀਦ ਕਰ ਦਿੱਤਾ ਗਿਆ ਹੈ। ਤੁਹਾਡਾ ਭਲਾ ਇਸ ਗੱਲ ਵਿਚ ਹੈ ਕਿ ਤੁਸੀਂ ਇਸਲਾਮ ਕਬੂਲ ਕਰ ਲਵੋ ਬਾਬਾ ਜ਼ੋਰਾਵਰ ਸਿੰਘ



ਨੇ ਗਰਜ ਕੇ ਕਿਹਾ, ਤੁਹਾਡੇ ਵਰਗੇ ਮਕਾਰ ਕਾਇਰ ਤੇ ਜ਼ਾਲਮ ਬੰਦੇ ਲੋਕ-ਪਰਲੋਕ ਦੀ ਪਾਤਸ਼ਾਹੀ ਦੇ ਮਾਲਕ ਗੁਰੂ ਪਿਤਾ ਜੀ ਦਾ ਵਾਲ ਵੀ ਵਿੰਗਾ ਨਹੀਂ ਕਰ ਸਕਦੇ। ਹੁਣ ਵਜ਼ੀਰ ਖਾਂ ਬੜੇ ਪਿਆਰ ਨਾਲ ਕਹਿਣ ਲੱਗਾ—ਪਿਆਰੇ ਬੱਚਿਓ ! ਤੁਹਾਡਾ ਬਚਪਨ ਵੇਖ ਕੇ ਮੈਨੂੰ ਤਰਸ ਆਉਂਦਾ ਹੈ ਤੁਸੀਂ ਦੁਨੀਆਂ ਦਾ ਹਾਲੇ ਕੁਝ ਵੀ ਵੇਖਿਆ ਨਹੀਂ, ਮੈਂ ਤੁਹਾਨੂੰ ਜਗੀਰਾਂ ਮਹਿਲ ਮਾੜੀਆਂ ਤੇ ਧਨ ਦੌਲਤ ਨਾਲ ਮਾਲੋ ਮਾਲ ਕਰ ਦਿਆਂਗਾ, ਕਿਸੇ ਚੀਜ਼ ਦੀ ਕਮੀ ਨਹੀਂ ਹੋਵੇਗੀ। ਤੁਸੀਂ ਇਸਲਾਮ ਕਬੂਲ ਕਰ ਲਵੋ। ਬਾਬਾ ਫ਼ਤਹਿ ਸਿੰਘ ਨੇ ਗਰਜ ਕੇ ਕਿਹਾ ਜਿਵੇਂ ਤੁਹਾਨੂੰ ਆਪਦਾ ਧਰਮ ਪਿਆਰਾ ਹੈ ਉਸੇ ਤਰ੍ਹਾਂ ਸਾਨੂੰ ਵੀ ਆਪਦਾ ਧਰਮ ਪਿਆਰਾ ਹੈ। ਸੱਚ ਧਰਮ ਲਈ ਸੀਸ ਦੇਣਾ ਸਾਡੇ ਵੱਡਿਆਂ ਦੀ ਰੀਤ ਹੈ, ਜਵਾਬ ਸੁਣ ਵਜ਼ੀਰ ਖਾਂ ਨੇ ਕਿਹਾ—ਮਰਨ ਦੀ ਗੱਲ ਕਰਨੀ ਜਿੰਨੀ ਸੌਖੀ ਹੈ, ਸਾਹਮਣੇ ਮੌਤ ਵੇਖ ਵੱਡੇ ਵੱਡੇ ਕੰਬ ਜਾਂਦੇ ਹਨ। ਇਹ ਸੁਣ ਕੇ ਬਾਬਾ ਜ਼ੋਰਾਵਰ ਸਿੰਘ ਜੀ ਨੇ ਕਿਹਾ ਕਿ ਮੌਤ ਦਾ ਡਰ ਜ਼ਾਲਿਮ, ਕਾਇਰ ਅਤੇ ਡਰਪੋਕਾਂ ਨੂੰ ਹੁੰਦਾ ਹੈ ਸਾਡਾ ਤਾਂ ਜਨਮ ਹੀ ਮੌਤ ਵਿੱਚੋਂ ਹੋਇਆ ਹੈ। ਇਹ ਜਵਾਬ ਸੁਣ ਸਾਰੇ ਦਰਬਾਰੀ ਦੰਗ ਰਹਿ ਗਏ ਤੇ ਆਪਸ ਵਿਚ ਗੱਲਾਂ ਕਰਦੇ ਨੇ ਸਾਹਿਬਜ਼ਾਦੇ ਆਪਣੇ ਦਾਦਾ ਜੀ ਸ੍ਰੀ ਗੁਰੂ ਤੇਗ ਬਹਾਦਰ ਵਾਂਗ ਨਿਡਰ ਹਨ, ਕੋਈ ਕਹੇ ਆਪਣੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਵਾਂਗ ਬਹਾਦਰ ਹਨ। ਨੀਤੀ ਤੋਂ ਕੰਮ ਲੈਂਦਿਆਂ ਵਜ਼ੀਰ ਖਾਂ ਨੇ ਗੁਰੂ ਜੀ ਦੇ ਲਾਲਾਂ ਨੂੰ ਮਾਤਾ ਜੀ ਕੋਲ ਠੰਡੇ ਬੁਰਜ ਵਾਪਸ ਭੇਜ ਦਿੱਤਾ ਤੇ ਕਿਹਾ ਆਪਣੀ ਦਾਦੀ ਜੀ ਨਾਲ ਸਲਾਹ ਕਰਕੇ ਦੱਸਣਾ। ਮਾਤਾ ਜੀ ਨੇ ਆਪਣੇ ਲਾਲਾਂ ਨੂੰ ਘੁੱਟ ਗਲਵਕੜੀ ਪਾ ਕੇ ਗੋਦੀ ਵਿਚ ਬਿਠਾ ਕੇ ਪੁਛਿਆ ਕਿ ਕਚਿਹਰੀ ਵਿਚ ਅੱਜ ਕੀ-ਕੀ ਹੋਇਆ ? ਸਾਹਿਬਜ਼ਾਦਿਆਂ ਨੇ ਸਾਰੀ ਗੱਲ ਦੱਸੀ। ਮਾਤਾ ਜੀ ਨੇ ਸਾਰੀ ਗੱਲ ਸੁਣ ਕੇ ਥਾਪੜਾ ਦੇ ਕੇ ਕਿਹਾ ਇਸ ਤੋਂ ਵੀ ਔਖਾ ਸਮਾਂ ਆਵੇਗਾ, ਤੁਸੀਂ ਅਡੋਲ ਰਹਿਣਾ, ਸਿੱਖੀ ਸਿਦਕ ਨਿਭਾਉਣ ਦੀ ਮਿਸਾਲ ਪੈਦਾ ਕਰਨੀ। ਸੂਰਜ ਛਿਪ ਗਿਆ, ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੇ ਨਾਮ ਬਾਣੀ ਵਿਚ ਸੁਰਤ ਜੋੜ ਲਈ।

**ਤਜਿੰਦਰ ਸਿੰਘ ਨੇ ਦਾਦੀ ਜੀ ਨੂੰ ਸਵਾਲ ਕੀਤਾ** - ਦਾਦੀ ਜੀ, ਸਾਹਿਬਜ਼ਾਦੇ ਤੇ ਮਾਤਾ ਜੀ ਨੇ ਸਿਮਰਨ ਤਾਂ ਕੀਤਾ, ਕੀ ਪ੍ਰਸ਼ਾਦਾ ਨਹੀਂ ਛੱਕਿਆ ?

**ਦਾਦੀ ਨੇ ਉੱਤਰ ਦਿੱਤਾ**- ਨਹੀਂ ਪੁੱਤਰ ਜੀ। ਇਸੇ ਸਰਹਿੰਦ ਵਿਚ ਬਾਬਾ ਮੋਤੀ ਰਾਮ ਮਹਿਰਾ ਜੀ ਰਹਿੰਦੇ ਸਨ ਜੋ ਜੇਲ੍ਹ ਦੇ ਕੈਦੀਆਂ ਲਈ ਰੋਟੀ ਤਿਆਰ ਕਰਦੇ ਸਨ, ਇਸ ਦਾ ਪਰਿਵਾਰ ਗੁਰੂ ਘਰ ਦਾ ਬੜਾ ਸ਼ਰਧਾਲੂ ਸੀ ਜਦੋਂ ਇਸ ਨੂੰ ਪਤਾ ਲੱਗਾ ਕਿ ਮਾਤਾ ਜੀ ਅਤੇ ਸਾਹਿਬਜ਼ਾਦੇ ਠੰਡੇ ਬੁਰਜ ਵਿਚ ਭੁੱਖੇ ਬੈਠੇ ਨੇ ਇਸ ਨੇ ਆਪਣੀ ਘਰ ਵਾਲੀ ਦੇ ਗਹਿਣੇ ਤੇ ਜਮ੍ਹਾਂ ਕੀਤੇ ਪੈਸੇ ਠੰਡੇ ਬੁਰਜ 'ਚ ਪਹਿਰੇਦਾਰ ਸਿਪਾਹੀਆਂ ਨੂੰ ਦੇ ਕੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਦੋ ਦਿਨ ਦੁੱਧ ਪਿਲਾਉਣ ਦੀ ਸੇਵਾ ਕੀਤੀ ਸੀ ਪਰ ਜਦੋਂ ਇਸ ਦੀ ਖਬਰ ਸੂਬਾ ਵਜ਼ੀਰ ਖਾਂ ਨੂੰ ਲੱਗੀ ਉਸ ਜ਼ਾਲਮ ਪਾਪੀ ਨੇ ਬਾਬਾ ਮੋਤੀ ਰਾਮ ਜੀ ਦੇ ਸਾਰੇ ਪਰਿਵਾਰ ਨੂੰ ਕੋਹਲੂ ਵਿਚ ਪੀੜ ਕੇ ਸ਼ਹੀਦ ਕਰ ਦਿੱਤਾ।

**ਹਰਕੀਰਤਨ ਸਿੰਘ** - ਦਾਦੀ ਜੀ ਕਿੰਨਾ ਜ਼ਾਲਿਮ ਸੀ ਵਜ਼ੀਰ ਖਾਂ !

**ਦਾਦੀ ਜੀ** - ਹਾਂ ਪੁੱਤਰ ! ਮਾੜੇ ਹਾਕਮ ਲੋਕ ਹਰ ਸਮੇਂ ਮਜ਼ਲੂਮਾਂ 'ਤੇ ਜ਼ੁਲਮ ਕਰਦੇ ਹਨ।



**ਹਰਕੀਰਤਨ ਸਿੰਘ** - ਦਾਦੀ ਜੀ ਅੱਗੇ ਕੀ ਹੋਇਆ

**ਦਾਦੀ ਜੀ** - ਮਾਤਾ ਗੁਜਰ ਕੌਰ ਜੀ ਨੇ ਸਾਹਿਬਜ਼ਾਦਿਆਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਲੜੀਆਂ ਜੰਗਾਂ, ਭਾਈ ਸਤੀ ਦਾਸ, ਭਾਈ ਮਤੀ ਦਾਸ, ਭਾਈ ਦਿਆਲਾ ਜੀ, ਲੱਖੀ ਸ਼ਾਹ ਵਣਜਾਰਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹਾਦਤਾਂ ਦੇ ਬਾਰੇ ਦਸਦੇ ਹੋਏ, ਸਾਹਿਬਜ਼ਾਦਿਆਂ ਦੇ ਮਨ੍ਹਾਂ ਅੰਦਰ ਸ਼ਹਾਦਤ ਦਾ ਜਜਬਾ ਭਰ ਦਿੱਤਾ।

ਅੰਮ੍ਰਿਤ ਵੇਲੇ ਉਸ ਔਖੀ ਘੜੀ ਵਿੱਚ ਵੀ ਨਾਮ ਬਾਣੀ ਵਿਚ ਸੁਰਤ ਜੋੜੀ ਰੱਖੀ। ਸਵੇਰੇ ਦੋ ਸਿਪਾਹੀ ਠੰਡੇ ਬੁਰਜ ਵਿਚ ਆਏ ਤੇ ਕਹਿਣ ਲੱਗੇ ਵਜ਼ੀਰ ਖਾਂ ਨੇ ਸਾਹਿਬਜ਼ਾਦਿਆਂ ਨੂੰ ਕਚਿਹਰੀ ਵਿਚ ਬਲਾਇਆ ਹੈ। ਮਾਤਾ ਜੀ ਨੇ ਸੁੰਦਰ ਦਸਤਾਰ ਸਜਾਂਦਿਆਂ ਕਿਹਾ ਮੇਰੇ ਬਹਾਦਰ ਪੁੱਤਰੋ ਜ਼ਾਲਮ ਅੱਗੇ ਸੀਸ ਨਾ ਝੁਕਾਉਣਾ ਮੌਤ ਜਾਂ ਧਰਮ ਛੱਡਣ ਲਈ ਕਹੇ ਤਾਂ ਮੌਤ ਨੂੰ ਗਲਵਕੜੀ ਪਾ ਸ਼ਹੀਦ ਹੋਣਾ ਪ੍ਰਵਾਨ ਕਰਨਾ, ਇਹ ਜ਼ੁਲਮ ਦਾ ਰਾਜ ਥੋੜਾ ਚਿਰ ਹੈ, ਤੁਹਾਡੀ ਸ਼ਹੀਦੀ ਕੌਮ ਅੰਦਰ ਜੋਸ਼ ਪੈਦਾ ਕਰੇਗੀ, ਜਿਸ ਜੋਸ਼ ਦੀ ਅੱਗ ਵਿਚ ਜ਼ਾਲਮ ਦਾ ਰਾਜ ਸੜ ਕੇ ਸੁਆਹ ਹੋ ਜਾਵੇਗਾ। ਮਾਤਾ ਜੀ ਦਾ ਥਾਪੜਾ ਲੈ ਕੇ ਸਾਹਿਬਜ਼ਾਦੇ ਸੂਬੇ ਦੀ ਕਚਿਹਰੀ ਵੱਲ ਤੁਰ ਪਏ, ਅੱਜ ਵਜ਼ੀਰ ਖਾਂ ਵਲੋਂ ਇਕ ਖੇਡ ਖੇਡੀ ਗਈ ਕਚਿਹਰੀ ਦਾ ਵੱਡਾ ਦਰਵਾਜ਼ਾ ਬੰਦ





ਕਰਕੇ ਛੋਟਾ ਦਰਵਾਜ਼ਾ ਖੋਲ੍ਹਿਆ ਗਿਆ ਇਸ ਨੀਤੀ ਅਨੁਸਾਰ ਜਦੋਂ ਸਾਹਿਬਜ਼ਾਦੇ ਛੋਟੇ ਦਰਵਾਜ਼ੇ ਵਿਚੋਂ ਸਿਰ ਝੁਕਾ ਕੇ ਅੰਦਰ ਆਉਣਗੇ ਤਾਂ ਸਾਰੇ ਦਰਬਾਰੀ ਤਾੜੀ ਮਾਰ ਕੇ ਕਹਿਣਗੇ, ਕਿ ਵੇਖੋ ਸਾਹਿਬਜ਼ਾਦੇ ਸੂਬਾ ਵਜ਼ੀਰ ਖਾਂ ਨੂੰ ਝੁਕ ਕੇ ਸਲਾਮ ਕਰ ਰਹੇ ਹਨ। ਸਾਹਿਬਜ਼ਾਦੇ ਕਚਿਹਰੀ ਦੇ ਦਰਵਾਜ਼ੇ ਕੋਲ ਪੁੱਜੇ, ਇਕ ਸਿਪਾਹੀ ਅੱਗੇ ਹੋ ਸਿਰ ਝੁਕਾ ਕਚਿਹਰੀ ਅੰਦਰ ਵੜਿਆ ਤੇ ਦੂਜੇ ਸਿਪਾਹੀ ਨੇ ਸਾਹਿਬਜ਼ਾਦਿਆਂ ਨੂੰ ਸਿਪਾਹੀ ਦੀ ਤਰ੍ਹਾਂ ਅੰਦਰ ਵੜਨ ਲਈ ਕਿਹਾ। ਬਾਬਾ ਜ਼ੋਰਾਵਰ ਸਿੰਘ ਜੀ ਛੋਟੇ ਵੀਰ ਵੱਲ ਵੇਖ ਕੇ ਮੁਸਕਰਾਏ ਤੇ ਅੱਗੇ ਵੱਧ ਕੇ ਦਰਵਾਜ਼ੇ ਵਿਚ ਪਹਿਲਾਂ ਪੈਰ ਰਖਿਆ ਫਿਰ ਸੀਸ ਪਿੱਛੇ ਕਰ ਅੰਦਰ ਦਾਖਲ ਹੋਏ, ਇਸੇ ਤਰ੍ਹਾਂ ਬਾਬਾ ਫਤਿਹ ਸਿੰਘ ਅੰਦਰ ਦਾਖਲ ਹੋਏ ਇਹ ਸਭ ਕੁਝ ਵੇਖ ਦਰਬਾਰੀ ਦੰਗ ਰਹਿ ਗਏ ਅਤੇ ਗੁਰੂ ਕੇ ਲਾਲਾਂ ਨੇ ਗਰਜਵੀ ਅਵਾਜ਼ ਵਿਚ ਫਤਹਿ ਬੁਲਾਈ "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ।" ਪਹਿਲਾਂ ਨਾਲੋਂ ਵੀ ਜ਼ਿਆਦਾ ਜੋਸ਼ ਵੇਖ ਸਾਰੇ ਦਰਬਾਰੀ ਹੈਰਾਨ ਸਨ। ਇਹ ਸਾਰਾ ਅਸਰ ਮਾਤਾ ਜੀ ਵੱਲੋਂ ਦਿੱਤੀ ਸਿਖਿਆ ਦਾ ਸੀ। ਨਵਾਬ ਵਜ਼ੀਰ ਖਾਂ ਕੁਝ ਬੋਲਦਾ ਉਸ ਤੋਂ ਪਹਿਲਾ ਸੁੱਚਾ ਨੰਦ ਨੇੜੇ ਆ ਕੇ ਸਾਹਿਬਜ਼ਾਦਿਆਂ ਨੂੰ ਕਹਿਣ ਲੱਗਾ ਇਹਨਾਂ ਗੱਲਾਂ ਕਰਕੇ ਤੁਸੀਂ ਭਿਆਨਕ ਮੌਤੇ ਮਾਰੇ ਜਾਉਗੇ। ਤੁਸੀਂ





ਨਵਾਬ ਜੀ ਦੀ ਗੱਲ ਮੰਨ ਲਵੋ, ਧਨ ਦੌਲਤ ਨਾਲ ਮਾਲੋ ਮਾਲ ਕਰ ਦਿੱਤੇ ਜਾਵੋਗੇ, ਲੋਕ ਤੁਹਾਨੂੰ ਸਲਾਮਾਂ ਕਰਨਗੇ। ਜ਼ਿੱਦ ਛੱਡ ਇਸਲਾਮ ਕਬੂਲ ਕਰ ਲਵੋ। ਬਾਬਾ ਫਤਿਹ ਸਿੰਘ ਜੀ ਨੇ ਸੁੱਚਾ ਨੰਦ ਨੂੰ ਕਿਹਾ—ਇਹ ਜ਼ਿੱਦ ਨਹੀਂ ਸਾਡਾ ਸਿੱਖੀ ਸਿਦਕ ਹੈ। ਸਾਡੇ ਦਾਦਾ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਤੇ ਉਹਨਾਂ ਦੇ ਪਿਆਰੇ ਤਿੰਨ ਸਿੱਖਾਂ ਨੂੰ ਹਕੂਮਤ ਨੇ ਇਸੇ ਤਰ੍ਹਾਂ ਧਨ ਦੌਲਤ ਦਾ ਲਾਲਚ ਅਤੇ ਮੌਤ ਦਾ ਡਰ ਦਿੱਤਾ ਸੀ ਪਰ ਉਨ੍ਹਾਂ ਨੇ ਜ਼ਾਲਮ ਦੀ ਇਕ ਨਾ ਮੰਨੀ ਅਤੇ ਉਹ ਸ਼ਹੀਦੀ ਪਾ ਗਏ ਸੀ, ਸਾਡੇ ਵੱਡਿਆਂ ਵੱਲੋਂ ਚਲਾਈ ਸ਼ਹੀਦੀ ਪਰੰਪਰਾ ਨੂੰ ਹੁਣ ਅਸੀਂ ਅੱਗੇ ਤੋਰਾਂਗੇ।

ਅਸੀਂ ਗੁਰੂ ਦਾਦਾ ਜੀ ਦੇ ਮਾਣ ਨੂੰ ਸਦਾ ਕਾਇਮ ਰੱਖਾਂਗੇ, ਇਹ ਜ਼ੁਰਅਤ ਭਰੇ ਬੋਲ ਸੁਣ ਸਭ ਹੈਰਾਨ ਸਨ। ਸੁੱਚਾ ਨੰਦ ਵਜ਼ੀਰ ਖਾਂ ਨੂੰ ਕਹਿਣ ਲੱਗਾ, "ਇਹ ਬਾਗੀ ਦੇ ਪੁੱਤਰ ਹਨ ਵੱਡੇ ਹੋ ਕੇ ਹਕੂਮਤ ਲਈ ਖਤਰਾ ਪੈਦਾ ਕਰਨਗੇ। ਸੱਪ ਨੂੰ ਮਾਰਨਾ ਤੇ ਸੱਪ ਦੇ ਬੱਚੇ ਪਾਲਣੇ ਠੀਕ ਨਹੀਂ ਹੁੰਦਾ।" ਵਜ਼ੀਰ ਖਾਂ ਕ੍ਰੋਧ ਦੀ ਅੱਗ ਵਿਚ ਸੜ ਰਿਹਾ ਸੀ, ਸੁੱਚਾ ਨੰਦ ਦੀਆਂ ਗੱਲਾਂ ਨੇ ਬਲਦੀ ਅੱਗ 'ਤੇ ਤੇਲ ਪਾਉਣ ਦਾ ਕੰਮ ਕੀਤਾ। ਵਜ਼ੀਰ ਖਾਂ ਨੇ ਕਚਿਹਰੀ ਵਿਚ ਬੈਠੇ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖਾਂ ਨੂੰ ਕਿਹਾ, "ਤੁਹਾਡਾ ਭਰਾ ਨਾਹਰ ਖਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਦੀ ਜੰਗ ਵਿੱਚ ਮਾਰਿਆ ਸੀ, ਉਸ ਦੇ ਪੁੱਤਰਾਂ ਨੂੰ ਮਾਰ ਕੇ ਆਪਣੇ ਭਰਾ ਦੀ ਮੌਤ ਦਾ ਬਦਲਾ ਲੈ ਸਕਦੇ ਹੋ। ਇਹ ਬੱਚੇ ਮੈਂ ਤੁਹਾਡੇ ਹਵਾਲੇ ਕਰਦਾ ਹਾਂ।" ਇਹ ਸੁਣ ਸ਼ੇਰ ਮੁਹੰਮਦ ਖਾਂ ਨੇ ਉਠ ਕੇ ਕਿਹਾ, "ਬੇਸ਼ੱਕ ਮੇਰਾ ਭਰਾ-ਭਤੀਜੇ ਸ੍ਰੀ ਗੁਰੂ





ਗੋਬਿੰਦ ਸਿੰਘ ਜੀ ਨੇ ਜੰਗ ਦੇ ਮੈਦਾਨ ਵਿਚ ਮਾਰੇ ਸਨ, ਮੈਂ ਆਪਣੇ ਭਰਾ-ਭਤੀਜੇ ਦੀ ਮੌਤ ਦਾ ਬਦਲਾ ਜ਼ਰੂਰ ਲਵਾਂਗਾ, ਪਰ ਸ੍ਰੀ ਗੁਰੂ ਗੋਬਿੰਦ ਸਿੰਘ ਪਾਸੋਂ ਜੰਗ ਦੇ ਮੈਦਾਨ ਵਿਚ ਲਵਾਂਗਾ। ਇਹ ਮਸੂਮ ਬਚਿਆਂ ਨੂੰ ਕਤਲ ਕਰਨਾ ਇਸਲਾਮ ਦੇ ਖਿਲਾਫ ਹੈ, ਇਹ ਜ਼ੁਲਮ ਹੈ, ਨਵਾਬ ਇਹ 'ਹਾਅ ਦਾ ਨਾਹਰਾ' ਮਾਰ ਕੇ ਕਚਿਹਰੀ ਵਿੱਚੋਂ ਬਾਹਰ ਆ ਗਿਆ।"

**ਤੇਜਿੰਦਰ ਸਿੰਘ** : ਦਾਦੀ ਜੀ ਕੀ ਸ਼ੇਰ ਮੁਹੰਮਦ ਖਾਂ ਦੀ ਗੱਲ ਦਾ ਅਸਰ ਵਜ਼ੀਰ ਖਾਂ 'ਤੇ ਹੋਇਆ?

**ਦਾਦੀ ਜੀ** - ਬੱਚਿਓ, ਵਜ਼ੀਰ ਖਾਂ ਬੜਾ ਜ਼ਾਲਮ ਸੀ ਤੇ ਸੁੱਚਾ ਨੰਦ ਵਰਗੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕਰ ਰਹੇ ਸਨ, ਫਿਰ ਵਜ਼ੀਰ ਖ਼ਾਂ ਨੇ ਕੋਲ ਬੈਠੇ ਕਾਜ਼ੀ ਰੁਸਤਮਦੀਨ ਅਤੇ ਅਲੀ ਖਾਂ ਨੂੰ ਕਿਹਾ—ਇਹ ਬੱਚੇ ਜਿਉਂਦੇ ਛੱਡਣ ਯੋਗ ਨਹੀਂ ਹਨ, ਇਨ੍ਹਾਂ ਨੂੰ ਮਾਰਣ ਦਾ ਫਤਵਾ ਸੁਣਾਉ। ਕਾਜ਼ੀ ਅਲੀ ਖਾਂ ਨੇ ਉੱਠ ਕੇ ਕਿਹਾ—ਇਹ ਬੱਚੇ ਇਸਲਾਮ ਸਰਕਾਰ ਦੇ ਵਿਰੁਧ ਬਗਾਵਤ ਕਰਨ ਲਈ ਤਿਆਰ ਹਨ। ਬੱਚੇ ਜਾਣ ਕੇ ਨਰਮੀ ਨਾ ਵਰਤੀ ਜਾਵੇ, ਬਾਗੀ ਬਾਪ ਦੇ ਬਾਗੀ ਪੁੱਤਰਾਂ ਨੂੰ ਦੀਵਾਰ ਵਿਚ ਚਿਣ ਕੇ ਮਾਰ

ਦਿੱਤਾ ਜਾਵੇ। ਇਹ ਫਤਵਾ ਸੁਣ ਸਭ ਲੋਕ ਹੈਰਾਨ ਸਨ।

**ਬੱਚੇ** - ਦਾਦੀ ਮਾਂ ਫਿਰ ਕੀ ਹੋਇਆ?

**ਦਾਦੀ ਮਾਂ** - ਵਜ਼ੀਰ ਖਾਂ ਨੇ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਾਪਸ ਭੇਜ ਦਿੱਤਾ ਤੇ ਕਿਹਾ ਤੁਹਾਡੇ ਕੋਲ ਕੇਵਲ ਇਕ ਰਾਤ ਦਾ ਸਮਾਂ ਹੈ, ਦਾਦੀ ਨਾਲ ਸਲਾਹ ਕਰ ਲੈਣਾ ਨਹੀਂ ਤਾਂ ਸਵੇਰੇ ਬੜੀ ਭਿਆਨਕ ਮੌਤ ਦੇ ਕੇ ਮਾਰਿਆ ਜਾਵੇਗਾ। ਮਾਤਾ ਜੀ ਨੇ ਸਾਹਿਬਜ਼ਾਦਿਆਂ ਨੂੰ ਘੁੱਟ ਕੇ ਗਲਵਕੜੀ ਪਾਈ ਤੇ ਮੱਥੇ ਚੁੰਮੇ। ਸਾਰੇ ਦਿਨ ਦੀ ਕਚਿਹਰੀ ਵਿਚ ਹੋਈ ਗੱਲਬਾਤ ਬਾਰੇ ਪੁੱਛਿਆ, ਸਾਰੀ ਵਾਰਤਾ ਸੁਣਾ ਸਾਹਿਬਜ਼ਾਦਿਆਂ ਨੇ ਕਿਹਾ, "ਦਾਦੀ ਮਾਂ ਜੀ ! ਕੱਲ੍ਹ ਸਾਨੂੰ ਦੀਵਾਰ ਵਿਚ ਚਿਣ ਕੇ ਸ਼ਹੀਦ ਕੀਤਾ ਜਾਵੇਗਾ। ਕਦੇ ਆਪਣੇ ਸਿਰ ਦੇ ਸਾਈਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਮਜ਼ਲੂਮਾਂ ਦੀ ਰਖਿਆ ਤੇ ਜ਼ੁਲਮ ਦੇ ਖਿਲਾਫ਼ ਸ਼ਹੀਦ ਹੋਣ ਲਈ ਦਿੱਲੀ ਤੋਰਿਆ ਸੀ, ਅੱਜ ਉਸੇ ਸ਼ਹਾਦਤ ਦੇ ਰਾਹ 'ਤੇ ਆਪਣੇ ਪੋਤਿਆਂ ਨੂੰ ਤੋਰਨ ਲਈ ਸਿਦਕ ਤੇ ਸਿਰੜ ਦੀ ਸਿੱਖਿਆ ਦਿੰਦਿਆਂ ਆਪਣੇ ਪੋਤਰਿਆਂ ਨੂੰ ਕਿਹਾ, "**ਧਰਮ ਨਾਲੋਂ ਜਿੰਦ ਨੂੰ ਪਿਆਰੀ ਨਹੀਂ ਸਮਝਣਾ, ਸਰੀਰ ਦਾ ਨਾਸ ਤਾਂ ਹੋ ਹੀ ਜਾਣਾ ਹੈ ਪਰ ਜਬਰ ਜ਼ੁਲਮ ਦੇ ਖਿਲਾਫ ਲੜਨਾ, ਮਨੁੱਖੀ ਹੱਕਾਂ ਲਈ ਲੜਨਾ ਗੁਰੂ ਘਰ ਦੀ ਪਰੰਪਰਾ ਹੈ। ਇਸ ਪਰੰਪਰਾ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਸ਼ੁਰੂ ਕੀਤਾ, ਗੁਰੂ ਅਰਜਨ ਦੇਵ ਸਾਹਿਬ ਜੀ ਨੇ ਕਰ ਕੇ ਦਿਖਾਇਆ ਅਤੇ ਤੁਹਾਡੇ ਦਾਦਾ ਗੁਰੂ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੇ ਸਿਖਰਾਂ 'ਤੇ ਪਹੁੰਚਾਇਆ। ਆਉਣ ਵਾਲੇ ਸਮੇਂ ਵਿਚ ਵੀ ਸਿੱਖੀ ਦੀਆਂ ਪੁਸ਼ਤਾਂ ਇਹਨਾਂ ਸ਼ਾਨਦਾਰ ਸ਼ਹਾਦਤਾਂ ਤੋਂ ਪ੍ਰੇਰਨਾ ਲੈ ਕੇ ਜਬਰ ਜ਼ੁਲਮ ਦੇ ਖਿਲਾਫ ਲੜਦੀਆਂ ਰਹਿਣਗੀਆਂ। ਜ਼ਿੰਦਗੀ ਦੋ ਘੜੀ ਦੀ ਹੈ ਪਰੰਤੂ ਸ਼ਹਾਦਤ ਦੀ ਜ਼ਿੰਦਗੀ ਸਦੀਵੀ ਰਹਿੰਦੀ ਹੈ।**" ਮਾਤਾ ਗੁਜਰ ਕੌਰ ਜੀ ਨੇ ਕਿਹਾ " **ਸਿੱਖੀ ਸਿਦਕ ਨਿਭਾ ਜਾਣਾ ਹੀ ਜੀਵਨ ਦੀ ਵੱਡੀ ਪ੍ਰਾਪਤੀ ਹੈ।**" ਰਾਤ ਪੈ ਗਈ ਮਾਤਾ ਜੀ ਨੇ ਦੋਵੇਂ ਲਾਲਾਂ ਨੂੰ ਗੋਦੀ ਵਿਚ ਲੈ ਰਹਰਾਸਿ ਸਾਹਿਬ ਤੇ ਸੋਹਿਲਾ ਸਾਹਿਬ ਜੀ ਦਾ ਪਾਠ ਕੀਤਾ। ਸਾਹਿਬਜ਼ਾਦੇ ਮਾਤਾ ਜੀ ਦੀ ਗੋਦ ਵਿਚ ਸੌਂ ਗਏ। ਸਾਰੀ ਰਾਤ ਮਾਤਾ ਜੀ ਅਕਾਲ ਪੁਰਖ ਜੀ ਅਗੇ ਅਰਦਾਸ ਕਰਦੀ ਰਹੀ ਕਿ ਇਨ੍ਹਾਂ ਸੋਹਲ ਜਿੰਦਾਂ ਦੀ ਗੁਰੂ ਨਾਨਕ ਸਾਹਿਬ ਜੀ ਦੇ ਘਰ ਨਾਲ ਨਿਭ ਜਾਏ।


12 ਪੋਹ 1761 ਬਿ: 26 ਦਸੰਬਰ 1704 ਈ. ਦੀ ਇਹ ਆਖ਼ਰੀ ਰਾਤ ਸੀ ਦਾਦੀ ਤੇ ਪੋਤਿਆਂ ਦੀ।

ਸਰਹਿੰਦ ਵਿਚ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦੀ ਗੱਲ ਜੰਗਲ ਦੀ ਅੱਗ ਵਾਂਗ ਫੈਲ ਗਈ।

27 ਦਸੰਬਰ ਦਾ ਦਿਨ ਚੜ੍ਹਿਆ। ਲੋਕ ਕਚਿਹਰੀ ਵਿਚ ਇਕੱਠੇ ਹੋਣ ਲੱਗੇ। ਸਿਪਾਹੀ ਨੇ ਮਾਤਾ ਜੀ ਨੂੰ ਕਿਹਾ ਵਜ਼ੀਰ ਖਾਂ ਨੇ ਸਾਹਿਬਜ਼ਾਦਿਆਂ ਨੂੰ ਬੁਲਾਇਆ ਹੈ। ਮਾਤਾ ਜੀ ਨੇ ਕਿਹਾ ਥੋੜ੍ਹਾ ਰੁਕ ਜਾਉ, ਮੈਂ ਇਨ੍ਹਾਂ ਨੂੰ ਤਿਆਰ ਕਰ ਲਵਾਂ, ਇਨ੍ਹਾਂ ਨੂੰ ਸੋਹਣੇ ਜੂੜੇ ਵਾਲੇ ਸੀਸ 'ਤੇ ਸੁੰਦਰ ਦਸਤਾਰਾਂ ਸਜਾ ਦਿਆਂ। ਅੱਜ ਮੇਰੇ ਬਹਾਦਰ ਲਾਲਾਂ ਨੇ ਸਿੱਖੀ ਸਿਦਕ ਦੀ ਅਨੋਖੀ ਮਿਸਾਲ ਪੈਦਾ ਕਰਨੀ ਹੈ। ਇਹ ਸ਼ਹੀਦੀ ਆਉਣ ਵਾਲੀ ਪੀੜ੍ਹੀਆਂ ਨੂੰ ਸੱਚ ਧਰਮ ਤੋਂ ਆਪਾ ਵਾਰਨ ਦਾ ਚਾਉ ਪੈਦਾ ਕਰੇਗੀ। ਦੋਹਾਂ ਸਾਹਿਬਜ਼ਾਦਿਆਂ ਨੂੰ ਤਿਆਰ ਕਰਕੇ, ਘੁੱਟ ਕੇ ਗਲਵਕੜੀ ਵਿਚ ਲੈ ਕੇ, ਮੱਥੇ ਚੁੰਮ ਕੇ ਕਿਹਾ, ਜਾਉ ਮੇਰੇ ਬਹਾਦਰ ਪੁਤਰੋ ਜ਼ਾਲਮ ਨੂੰ ਦਿਖਾਓ **ਕਿ ਅੰਮ੍ਰਿਤ ਦੀ ਸ਼ਕਤੀ ਕੀ ਹੈ? ਤੁਹਾਡੀ ਇਹ ਲਾਸਾਨੀ ਸ਼ਹੀਦੀ ਕੌਮ ਨੂੰ ਰਹਿੰਦੀ ਦੁਨੀਆਂ ਤਕ ਸਿੱਖੀ ਸਿਦਕ ਨਿਭਾਉਣ ਦੀ ਪ੍ਰੇਰਨਾ ਦੇਵੇਗੀ।** ਦੋਵੇਂ ਸਾਹਿਬਜ਼ਾਦੇ ਮਾਤਾ ਜੀ ਕੋਲੋਂ ਅਸੀਸ ਲੈ, ਆਖ਼ਰੀ ਫ਼ਤਿਹ ਬੁਲਾ ਤੁਰ ਪਏ। ਮਾਤਾ ਜੀ ਨੇ ਜੈਕਾਰੇ







ਦੀ ਗੂੰਜ ਵਿਚ ਪੋਤਰੇ ਤੋਰੇ। ਕਚਿਹਰੀ ਵਿਚ ਆਣ ਸਾਹਿਬਜ਼ਾਦਿਆਂ ਨੇ ਫ਼ਤਿਹ ਬੁਲਾਈ। ਜਿਸ ਨੂੰ ਸੁਣ ਸਾਰੇ ਦਰਬਾਰੀ ਹੈਰਾਨ ਰਹਿ ਗਏ। ਫ਼ਤਿਹ ਦੀ ਗੂੰਜ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਸੀ। ਚਿਹਰੇ ਦਾ ਜ਼ਲਾਲ ਡੁਲ੍ਹ-ਡੁਲ੍ਹ ਪੈ ਰਿਹਾ ਸੀ। ਦੀਵਾਰ 'ਚ ਚਿਣ ਕੇ ਸ਼ਹੀਦ ਕਰਨ ਦੇ ਹੁਕਮ ਦਾ ਕੋਈ ਡਰ-ਭੈ ਨਜ਼ਰ ਨਹੀਂ ਸੀ ਆ ਰਿਹਾ, ਕਿਉਂਕਿ ਛੋਟੇ ਸਾਹਿਬਜ਼ਾਦੇ ਆਪਣੇ ਦਾਦਾ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਪੜ-ਪੜਦਾਦਾ ਸ੍ਰੀ ਗੁਰੂ ਅਰਜਨ ਦੇਵ ਜੀ ਵਾਂਗ ਅਡੋਲ ਨਜ਼ਰ ਆ ਰਹੇ ਸੀ। ਉਹਨਾਂ ਅੰਦਰ ਸ਼ਹੀਦੀ ਦਾ ਚਾਅ ਸਾਫ਼ ਨਜ਼ਰ ਆ ਰਿਹਾ ਸੀ। ਨਵਾਬ ਨੇ ਪੁੱਛਿਆ, 'ਫਿਰ ਕੀ ਵਿਚਾਰ ਹੈ ਤੁਹਾਡਾ, ਧਰਮ ਛੱਡੋਗੇ ਜਾਂ ਮੌਤ ਨੂੰ ਕਬੂਲ ਕਰੋਗੇ ?' ਬਾਬਾ ਜ਼ੋਰਾਵਰ ਸਿੰਘ ਜੀ ਨੇ ਗੱਜ ਕੇ ਕਿਹਾ, "ਗੁਰੂ ਪਿਤਾ ਜੀ ਦੀ ਸਿਖਿਆ ਹੈ, ਧਰਮ ਨਾਲੋਂ ਜਾਨ ਪਿਆਰੀ ਸਮਝਣਾ, ਕਾਇਰਾਂ ਦਾ ਕੰਮ ਹੁੰਦਾ ਹੈ। ਜ਼ੁਲਮ ਕਰਨਾ ਤੁਹਾਡੀ ਆਦਤ ਹੈ, **ਇਨਸਾਨੀਅਤ ਅਤੇ ਮਨੁੱਖੀ ਹੱਕਾਂ ਲਈ ਕੁਰਬਾਨ ਹੋਣਾ ਸਾਡੀ ਪਰੰਪਰਾ ਹੈ।**" ਵਜ਼ੀਰ ਖਾਂ ਇਹ ਉੱਤਰ ਸੁਣ ਕੇ ਕ੍ਰੋਧ ਦੀ ਅੱਗ 'ਚ ਸੜ ਉੱਠਿਆ ਤੇ ਹੁਕਮ ਦਿੱਤਾ ਇਨ੍ਹਾਂ ਨੂੰ ਦੀਵਾਰ 'ਚ ਚਿਣ ਕੇ ਸ਼ਹੀਦ ਕਰ ਦਿੱਤਾ ਜਾਵੇ। ਜ਼ਲਾਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਜੋ ਕਿ ਸਮਾਣੇ ਨਗਰ ਦੇ ਰਹਿਣ ਵਾਲੇ ਸਨ, ਗੁਰੂ ਕੇ ਲਾਲਾਂ ਨੂੰ ਪਕੜ ਕੇ ਲੈ ਗਏ। ਲੋਕਾਂ ਦੀ ਭੀੜ ਮਗਰ ਹੋ ਤੁਰੀ। ਸਾਹਿਬਜ਼ਾਦੇ ਇਕ-ਦੂਜੇ ਦਾ ਹੱਥ ਫੜ ਕੇ ਖੜ੍ਹ ਗਏ ਤੇ ਮੁਖ ਤੋਂ ਵਾਹਿਗੁਰੂ-ਵਾਹਿਗੁਰੂ ਦਾ ਸਿਮਰਨ ਅਰੰਭ ਕਰ ਦਿੱਤਾ। ਜਲਾਦਾਂ ਨੇ ਦੀਵਾਰ-ਚਿਣਨੀ ਸ਼ੁਰੂ ਕਰ ਦਿੱਤੀ । ਸਾਹਿਬਜ਼ਾਦਿਆਂ ਦੇ ਪੈਰਾਂ ਉਪਰ ਇੱਟਾਂ ਦਾ ਭਾਰ ਪੈਣ ਲੱਗਾ। ਵਜ਼ੀਰ ਖਾਂ ਕੋਲ ਆ ਕੇ ਕਹਿਣ ਲੱਗਾ, 'ਅਜੇ ਵੀ ਸਮਾਂ ਹੈ,

ਇਸਲਾਮ ਕਬੂਲ ਕਰ ਲਵੋ, ਬਖ਼ਸ਼ ਦਿਆਂਗਾ। ਵਜ਼ੀਰ ਖਾਂ ਆਪਣੀ ਹਾਰ ’ਤੇ ਝੂਰ ਰਿਹਾ ਸੀ। ਦੀਵਾਰ ਉੱਚੀ ਹੁੰਦੀ ਗਈ। ਗੁਰੂ ਕੇ ਲਾਲ ਕੰਧਾਂ ਓਹਲੇ ਲੁੱਕ ਗਏ। ਗੁਰੂ ਕੇ ਲਾਲਾਂ ਦੇ ਭਾਰ ਨਾਲ ਕੰਧ ਡਿੱਗ ਪਈ। ਸਾਹਿਬਜ਼ਾਦੇ ਸਾਹ ਘੁੱਟਣ ਦੇ ਕਾਰਨ ਬੇਹੋਸ਼ ਹੋ ਗਏ, ਪਰ ਸਾਹ ਚੱਲ ਰਹੇ ਸਨ। ਵਜ਼ੀਰ ਖ਼ਾਂ ਨੇ ਹੁਕਮ ਦਿੱਤਾ, “ਇਨ੍ਹਾਂ ਦੀਆਂ ਸਾਹ ਰਗਾਂ ਕੱਟ ਦੇਵੋ।” ਦੋਹਾਂ ਜਲਾਦਾਂ ਨੇ ਸੋਹਲ ਤੇ ਮਾਸੂਮ ਜਿੰਦਾਂ ਦੇ ਗਲੇ ਉਪਰ ਖੰਜਰ ਚਲਾ ਕੇ ਸਾਹ ਰਗਾਂ ਵੱਢ ਦਿੱਤੀਆਂ।

ਇਤਿਹਾਸ ਦਸਦਾ ਹੈ ਕਿ ਬਾਬਾ ਜ਼ੋਰਾਵਰ ਸਿੰਘ ਦਾ ਸਰੀਰ ਪਹਿਲਾਂ ਸ਼ਾਂਤ ਹੋ ਗਿਆ ਪਰ ਬਾਬਾ ਫ਼ਤਹਿ ਸਿੰਘ ਦਾ ਸਰੀਰ ਅੱਧੀ ਘੜੀ (12 ਮਿੰਟ) ਹਿਲਦਾ ਰਿਹਾ। ਪਾਪੀਆਂ ਨੇ ਇਹ ਜ਼ੁਲਮ ਸਵੇਰੇ 9.45 ਤੋਂ ਲੈ ਕੇ 11 ਵਜੇ ਤੱਕ ਵਰਤਾਇਆ।

**ਤੇਜਿੰਦਰ ਸਿੰਘ** - ਦਾਦੀ ਜੀ! ਮਾਤਾ ਗੁਜਰ ਕੌਰ ਜੀ ਕਿਵੇਂ ਸ਼ਹੀਦ ਹੋਏ?

**ਦਾਦੀ ਮਾਂ** - ਜ਼ਾਲਮਾਂ ਨੇ ਮਾਤਾ ਜੀ ਨੂੰ ਠੰਢੇ ਬੁਰਜ ਤੋਂ ਹੇਠਾਂ ਸੁੱਟ ਕੇ ਸ਼ਹੀਦ ਕਰ ਦਿੱਤਾ।

ਜ਼ਾਲਮ ਵਜ਼ੀਰ ਖ਼ਾਂ ਨੇ ਜਲਾਦਾਂ ਨੂੰ ਹੁਕਮ ਦਿੱਤਾ ਕਿ ਇਨ੍ਹਾਂ ਦੇ ਸਰੀਰਾਂ ਨੂੰ ਠੰਢੇ ਬੁਰਜ ਨਾਲ ਲਗਦੀ ਹੰਸਲਾ ਨਦੀ ਕੋਲ ਸੁਟ ਦੇਵੋ, ਤਾਂ ਕਿ ਇਨ੍ਹਾਂ ਦੇ ਸਰੀਰਾਂ ਨੂੰ ਕਾਂ, ਕੁੱਤੇ, ਇੱਲਾਂ ਖਾ ਜਾਣ, ਭਾਵ ਸਰੀਰਾਂ ਦੀ ਬੇਅਦਬੀ ਹੁੰਦੀ ਰਹੇ। ਜਦੋਂ ਇਸ ਘਟਨਾ ਦਾ ਪਤਾ ਗੁਰੂ ਘਰ ਦੇ ਸ਼ਰਧਾਲੂ ਦੀਵਾਨ ਟੋਡਰ ਮੱਲ ਜੀ ਨੂੰ ਲੱਗਾ ਜੋ ਕਿ ਆਪਣੇ ਕਿਸੇ ਕੰਮ ਬਾਹਰੋਂ ਵਾਪਸ ਸਰਹੰਦ ਪਰਤੇ ਸਨ ਤਾਂ ਉਹਨਾਂ ਦਾ ਮਨ ਵੈਰਾਗ ਨਾਲ ਭਰ ਆਇਆ।

ਟੋਡਰ ਮੱਲ ਜੀ ਦੇ ਮਨ ਦੀ ਭਾਵਨਾ ਬਣੀ ਕਿ ਮਾਤਾ ਜੀ ਤੇ ਸਾਹਿਬਜ਼ਾਦਿਆਂ ਦੇ ਪਾਵਨ ਸਰੀਰਾਂ ਦੀ ਬੇਅਦਬੀ ਨਹੀਂ ਹੋਣ ਦੇਣੀ ਚਾਹੀਦੀ। ਉਹਨਾਂ ਦੇ ਪਾਵਨ ਸਰੀਰਾਂ ਦਾ ਸਸਕਾਰ ਸਤਿਕਾਰ ਸਹਿਤ ਕੀਤਾ ਜਾਵੇ। ਦੀਵਾਨ ਟੋਡਰ ਮੱਲ ਨੇ ਵਜ਼ੀਰ ਖਾਂ ਤੱਕ ਪਹੁੰਚ ਕੀਤੀ। ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੇ ਪਾਵਨ ਸਰੀਰਾਂ ਦਾ ਸਸਕਾਰ ਕਰਨ ਦੀ ਆਗਿਆ ਮੰਗੀ। ਵਜ਼ੀਰ ਖਾਨ ਨੇ ਕਿਹਾ—ਤੁਸੀਂ ਸਸਕਾਰ ਕਰ ਸਕਦੇ ਹੋ ਪਰ ਤੁਹਾਨੂੰ ਸੋਨੇ ਦੀਆਂ ਮੋਹਰਾਂ ਧਰਤੀ ਉੱਪਰ ਖੜੀਆਂ ਕਰਕੇ ਜ਼ਮੀਨ ਮੁਲ ਲੈਣੀ ਪਵੇਗੀ।

ਸੂਬਾ ਵਜ਼ੀਰ ਖਾਂ ਦੇ ਮਹਿਲਾਂ ਦੇ ਲਾਗੇ ਜਿਮੀਂਦਾਰ ਚੌਧਰੀ ਅੱਤੇ ਦੀ ਜ਼ਮੀਨ ਸੀ। ਦੀਵਾਨ ਟੋਡਰ ਮੱਲ ਜੀ ਨੇ ਚੌਧਰੀ ਨਾਲ ਗੱਲ ਕਰਕੇ ਜ਼ਮੀਨ ’ਤੇ ਮੋਹਰਾਂ ਖੜੀਆਂ ਕਰਕੇ ਹੁਣ ਤੱਕ ਦੁਨੀਆਂ ਦੀ ਸਭ ਤੋਂ ਮਹਿੰਗੀ ਜ਼ਮੀਨ ਖਰੀਦੀ।









ਟੋਡਰ ਮੱਲ ਜੀ ਅਤੇ ਸੰਗਤਾਂ ਨੇ ਮਾਤਾ ਜੀ ਤੇ ਗੁਰੂ ਕੇ ਲਾਲਾਂ ਦੇ ਪਾਵਨ ਸਰੀਰਾਂ ਦਾ ਇਸ਼ਨਾਨ ਕਰਾ ਕੇ ਸੁੰਦਰ ਬਸਤਰ ਪਹਿਨਾ ਕੇ ਸਤਿਕਾਰ ਸਹਿਤ ਸਸਕਾਰ ਕੀਤਾ। ਜਿਸ ਥਾਂ ਅੱਜ ਗੁਰਦੁਆਰਾ ਜੋਤੀ ਸਰੂਪ ਸਾਹਿਬ ਸੁਸ਼ੋਭਿਤ ਹੈ।

**ਹਰਕੀਰਤਨ ਸਿੰਘ :** ਦਾਦੀ ਮਾਂ, ਦੀਵਾਨ ਟੋਡਰ ਮੱਲ ਜੀ ਕੌਣ ਸਨ ?

**ਦਾਦੀ ਜੀ :** ਪੁਤਰ ! ਦੀਵਾਨ ਟੋਡਰ ਮੱਲ ਜੀ ਜੈਨ ਧਰਮ ਨਾਲ ਸੰਬੰਧ ਰੱਖਣ ਵਾਲੇ ਸੋਨੇ ਦੇ ਵਪਾਰੀ ਸਨ ਅਤੇ ਗੁਰੂ ਘਰ ਦੇ ਸੱਚੇ ਸ਼ਰਧਾਲੂ ਸਨ।

**ਬੱਚੇ :** ਅੱਛਾ ਦਾਦੀ ਜੀ ! ਅੱਗੇ ਸੁਣਾਓ !

ਇਸ ਸੇਵਾ ਵਿਚ ਦੀਵਾਨ ਟੋਡਰ ਮੱਲ ਦੇ ਪਰਿਵਾਰ, ਬਾਬਾ ਮੋਤੀ ਰਾਮ ਮਹਿਰਾ ਜੀ, ਭਾਈ ਜੋਧ ਸਿੰਘ ਅਤੇ ਉਥੋਂ ਦੀਆਂ ਸੰਗਤਾਂ ਨੇ ਪੂਰਾ ਸਾਥ ਦਿੱਤਾ। ਪਿਆਰੇ ਪੁੱਤਰੋ ! ਉਹਨਾਂ ਮਹਾਨ ਸ਼ਹੀਦਾਂ ਦੀ ਯਾਦ ਵਿਚ ਇਹਨਾਂ ਸਾਰੇ ਦਿਨਾਂ ਵਿਚ ਮੈਂ ਫਰਸ਼ 'ਤੇ ਬਿਸਤਰਾ ਕਰਨਾ ਹੈ। ਮਾਤਾ ਸੁਰਜੀਤ ਕੌਰ ਦਾ ਸਾਰਾ ਪਰਿਵਾਰ ਨੂੰਹ-ਪੁੱਤ ਤੇ ਪੋਤਰੇ ਸਾਰਾ ਸਾਕਾ ਸੁਣ ਰਹੇ ਸਨ ਅਤੇ ਨਾਲ-ਨਾਲ ਵੈਰਾਗ ਦੇ ਹੰਝੂ ਉਹਨਾਂ ਦੀਆਂ ਅੱਖਾਂ ਵਿਚੋਂ ਵਹਿ ਰਹੇ ਸਨ। ਪੋਤਿਆਂ ਨੇ ਕਿਹਾ—ਦਾਦੀ ਮਾਂ ! ਅਸੀਂ ਉਹਨਾਂ ਪਾਵਨ ਅਸਥਾਨਾਂ ਦੇ ਦਰਸ਼ਨ ਕਰਨਾ ਚਾਹੁੰਦੇ ਹਾਂ ਜਿਥੇ ਸਾਹਿਬਜ਼ਾਦਿਆਂ ਦਾ ਖ਼ੂਨ ਡੁੱਲ੍ਹਿਆ ਹੈ। ਅਸੀਂ ਅੱਜ ਤੋਂ ਬਾਅਦ ਕਦੀ ਵੀ ਕੇਸ ਨਹੀਂ ਕਟਾਵਾਂਗੇ। ਕੇਸ ਰੱਖ ਸੁੰਦਰ ਦਸਤਾਰਾਂ ਸਜਾਵਾਂਗੇ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਹੋ ਕੇ ਸਿੰਘ ਸਜਾਂਗੇ।

**ਫਿਰ ਸੁਰਜੀਤ ਕੌਰ ਦੇ ਛੋਟੇ ਪੁੱਤਰ ਅਤੇ ਨੂੰਹ ਨੇ ਵੀ ਵਾਹਿਗੁਰੂ ਜੀ ਕੋਲੋਂ ਆਪਣੇ ਬੱਚੇ ਦੇ ਕੇਸ ਕਤਲ ਕਰਨ ਦੀ ਮੁਆਫੀ ਮੰਗੀ ਅਤੇ ਅਗਾਂਹ ਤੋਂ ਕਦੀ ਵੀ ਆਪਣੇ ਅਤੇ ਬੱਚਿਆਂ ਦੇ ਕੇਸ ਕਤਲ ਨਾ ਕਰਵਾਉਣ ਦਾ ਪ੍ਰਣ ਕੀਤਾ ਅਤੇ ਕਿਹਾ ਕਿ ਅਸੀਂ ਸਾਰੇ ਸਿੱਖੀ ਸਿਦਕ ਕਦੀ ਵੀ ਨਹੀਂ ਛੱਡਾਂਗੇ।**

ਮਾਤਾ ਸੁਰਜੀਤ ਕੌਰ ਦੀ ਨੂੰਹ ਕਹਿਣ ਲੱਗੀ ਕਿ ਮਾਤਾ ਜੀ ਸਾਨੂੰ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ ਅਤੇ ਹੋਰ ਸਿੰਘ ਕਿਵੇਂ ਸ਼ਹੀਦ ਹੋਏ ਤੇ ਜ਼ਾਲਮ ਸੂਬਾ ਵਜ਼ੀਰ ਖ਼ਾਂ ਤੇ ਸੁਚਾ ਨੰਦ ਨੂੰ ਕਿਸ ਨੇ ਅਤੇ ਕਿਵੇਂ ਸਜ਼ਾ ਦਿੱਤੀ ਇਹ ਸਾਰਾ ਇਤਿਹਾਸ ਵੀ ਸੁਣਾਵੋਗੇ ?

ਮਾਤਾ ਸੁਰਜੀਤ ਕੌਰ- ਹਾਂ ਪੁੱਤਰ ਜ਼ਰੂਰ, ਹੁਣ ਰਾਤ ਬਹੁਤ ਹੋ ਚੁੱਕੀ ਹੈ। ਅੰਮ੍ਰਿਤ ਵੇਲੇ ਦੀ ਸੰਭਾਲ ਵੀ ਕਰਨੀ ਹੈ। ਮੈਂ ਤੁਹਾਨੂੰ ਸਾਰਾ ਇਤਿਹਾਸ ਵਾਰੀ-ਵਾਰੀ ਸੁਣਾਵਾਂਗੀ।



**ਗੁਰਦੁਆਰਾ ਫਤਿਹਗੜ੍ਹ ਸਾਹਿਬ**

**ਸ਼ਹੀਦੀ ਅਸਥਾਨ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ**



**ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ**

**ਸਸਕਾਰ ਅਸਥਾਨ ਮਾਤਾ ਗੁਜਰ ਕੌਰ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ**

# ਸ੍ਰੀ ਸਹਿਜ ਪਾਠ ਕਰਨ ਲਈ ਭੇਟਾ ਰਹਿਤ ਪੋਥੀ ਸਾਹਿਬ ਅਤੇ ਡਾਇਰੀ ਲੈਣ ਲਈ ਜਾਂ ਸੰਸਥਾ ਵੱਲੋਂ ਛਾਪੇ ਹੋਏ ਲਿਟਰੇਚਰ ਦੀ PDF ਲੈਣ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰੋ ਜੀ

| | |
|---|---|
| ਭਾਈ ਦਵਿੰਦਰ ਸਿੰਘ ਜੀ 84370 52013 | ਅੰਮ੍ਰਿਤਸਰ, ਤਰਨ ਤਾਰਨ, ਫਿਰੋਜ਼ਪੁਰ, ਫਾਜ਼ਿਲਕਾ, ਬਠਿੰਡਾ |
| ਭਾਈ ਅੰਮ੍ਰਿਤਪਾਲ ਸਿੰਘ ਜੀ 99885 62013 | ਸੰਗਰੂਰ, ਮਾਨਸਾ, ਬਰਨਾਲਾ, ਮਲੇਰਕੋਟਲਾ |
| ਭਾਈ ਜਗਜੀਤ ਸਿੰਘ ਜੀ 94639 09119 | ਪਟਿਆਲਾ, ਫਤਿਹਗੜ੍ਹ ਸਾਹਿਬ, ਰੋਪੜ, ਚੰਡੀਗੜ੍ਹ, ਮੋਹਾਲੀ, ਹਰਿਆਣਾ |
| ਭਾਈ ਤਰਜਿੰਦਰ ਸਿੰਘ ਜੀ 98763 54849 | ਗੁਰਦਾਸਪੁਰ, ਪਠਾਨਕੋਟ, ਜੰਮੂ, ਜਲੰਧਰ, ਨਵਾਂ ਸ਼ਹਿਰ |
| ਭਾਈ ਰਤਨ ਸਿੰਘ ਜੀ 88724 45349 | ਮੋਗਾ, ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ |
| ਭਾਈ ਮਨਜੀਤ ਸਿੰਘ ਜੀ 95920 94711 | ਅੰਮ੍ਰਿਤਸਰ, ਗੁਰਦਾਸਪੁਰ, ਕਪੂਰਥਲਾ |
| ਬਿਬੇਕ ਟਰੱਸਟ 98103 98461, 88028 59943 | ਦਿੱਲੀ, ਗੁੜਗਾਉਂ, ਨੋਇਡਾ |
| ਦਿਲਬਾਗ ਸਿੰਘ ਜੀ 94173 87613, 84370 32013 | ਹੋਰਨਾ ਪ੍ਰਾਂਤਾ ਲਈ (For Other States) |

## ਆਓ ਗੁਰੂ ਕੀ ਬਾਣੀ ਦਾ ਸਤਿਕਾਰ ਕਰੀਏ !


ਗੁਰਬਾਣੀ ਸਮਝਣ ਦਾ ਵਿਸ਼ਾ ਹੈ, ਇਸਨੂੰ ਵਿਚਾਰ ਕੇ ਪੜ੍ਹਨਾ ਚਾਹੀਦਾ ਹੈ। ਇਹ ਸਾਡੇ ਪੂਰਬਲੇ ਕਰਮਾਂ ਕਰਕੇ ਵਿਗੜੇ ਹੋਏ ਸੁਭਾਅ ਨੂੰ ਸੰਵਾਰਨ ਦੀ ਤਾਕਤ ਰੱਖਦੀ ਹੈ। ਅਸੀਂ ਆਪਣੇ ਢੀਠ ਸੁਭਾਅ ਕਾਰਨ ਹੀ ਪਰਮਾਤਮਾ ਤੋਂ ਵਿਛੜੇ ਹੋਏ ਹਾਂ। ਸਿਰਫ ਗੁਰੂ ਕੀ ਬਾਣੀ ਤੋਂ ਇਲਾਵਾ ਹੋਰ ਕੋਈ ਸਾਡੇ ਸੁਭਾਅ ਨੂੰ ਬਦਲ ਨਹੀਂ ਸਕਦਾ। ਇਸ ਲਈ ਸਾਨੂੰ ਗੁਰਬਾਣੀ ਨੂੰ ਜ਼ਿਆਦਾ ਸਤਿਕਾਰ ਦੇਣਾ ਚਾਹੀਦਾ ਹੈ। ਗੁਰੂ ਕੀ ਬਾਣੀ ਦੇ ਅਦਬ ਤੇ ਸਤਿਕਾਰ ਲਈ ਇਸ ਨੂੰ ਉੱਚੀ-ਸੁੱਚੀ ਜਗ੍ਹਾ 'ਤੇ ਕਪੜੇ ਵਿੱਚ ਲਪੇਟ ਕੇ ਸਤਿਕਾਰ ਨਾਲ ਰੱਖੀਏ। ਪਰ ਅਸੀਂ ਆਮ ਹਾਲਤਾਂ ਵਿੱਚ ਕਿਤਾਬਾਂ, ਪੋਸਟਰਾਂ, ਵਿਆਹ-ਕਾਰਡਾਂ ਆਦਿ ਅੰਦਰ ਗੁਰਬਾਣੀ ਲਿਖੀ ਹੋਈ ਵੇਖਦੇ ਹਾਂ। ਸਾਨੂੰ ਇਹਨਾਂ ਸਾਰੀਆਂ ਵਸਤਾਂ 'ਤੇ ਗੁਰਬਾਣੀ ਛਪਵਾਉਣੀ ਨਹੀਂ ਚਾਹੀਦੀ ਹੈ। ਕਿਉਂਕਿ ਬਾਅਦ ਵਿੱਚ ਇਹ ਆਮ ਤੌਰ 'ਤੇ ਕੂੜੇ ਦੇ ਢੇਰ ਅਤੇ ਨਾਲੀਆਂ ਵਿੱਚ ਡਿੱਗੀਆਂ ਪਈਆਂ ਮਿਲਦੀਆਂ ਹਨ, ਜਿਸ ਨਾਲ ਅਸੀਂ ਅਨਜਾਣੇ 'ਚ ਵੀ ਗੁਰਬਾਣੀ ਦੀ ਬੇਅਦਬੀ ਕਰੀ ਜਾਂਦੇ ਹਾਂ।

## ਗੁਰਬਾਣੀ ਸੰਥਿਆ ਲੈਣ ਲਈ

zoom 98765-67128

95305-77630

https://youtube.com/@learntospeakgurbani



ਸੜਦੇ - ਬਲਦੇ ਤਨ ਨੂੰ ਠੰਡਾ ਕਰਦਾ ਹੈ ਪਾਣੀ। ਸੜਦੇ - ਬਲਦੇ ਮਨ ਨੂੰ ਠੰਡਾ ਕਰਦੀ ਹੈ ਬਾਣੀ।
ਤਾਂ ਫਿਰ
ਆਓ! ਰੋਜ਼ਾਨਾ ਸਹਿਜ ਪਾਠ ਕਰੀਏ,ਵੀਚਾਰੀਏ ਅਤੇ ਕਮਾਈਏ
ਸਹਿਜ
ਨੇਕੀ
ਪਰਉਪਕਾਰ
ਅਨੰਦ
ਪ੍ਰੇਮ
ਸਿਦਕ
ਨਿਮਰਤਾ
ਅਣਖ
ਭਾਣਾ
ਰਜ਼ਾ
ਮਿਹਨਤ
ਭਰੋਸਾ
ਸੰਤੋਖ
ਹਿੰਮਤ
ਇਮਾਨਦਾਰੀ
ਗਿਆਨ
ਸ਼ੁਕਰਾਨਾ
ਹੁਕਮ
ਭਲਾ
ਮਿੱਠੇ-ਬੋਲ
ਆਚਰਣ
ਅੰਮ੍ਰਿਤ-ਵੇਲਾ
ਸਿਮਰਨ
ਅਰਦਾਸ
ਸਚਾਈ
ਆਦਰਸ਼ਵਾਦ
ਅਸੀਂ ਜੀਉਣਾਂ ਚਾਹੁੰਦੇ ਹਾਂ
ਸਾਡੀ ਮਦਦ ਕਰੋ
ਵੈਰ-ਵਿਰੋਧ
Violence
ਚਿੰਤਾਵਾਂ
Depression
ਰਿਸ਼ਵਤਖੋਰੀ
Corruption
ਸਾਨੂੰ ਬਚਾਓ
ਬੇਸਮਝੀ
Hostile Protest
ਬੀਮਾਰੀਆਂ
Aids
ਨਸ਼ੇ
Drugs
BURNING WORLD
ਕੀ ਅਸੀਂ ਇਸ ਅੱਗ ਤੋਂ ਬਚਣਾ ਚਾਹੁੰਦੇ ਹਾਂ?
ਆਓ! ਰੋਜ਼ਾਨਾ ਸਹਿਜ ਪਾਠ ਕਰੀਏ, ਵੀਚਾਰੀਏ ਅਤੇ ਕਮਾਈਏ
Spiritual Academic & Professional EXCELLENCE
ਸ੍ਰੀ ਸਹਿਜ ਪਾਠ ਸੇਵਾ
ਸ੍ਰੀ ਅੰਮ੍ਰਿਤਸਰ ਸਾਹਿਬ 98157-47978